ੴ ਸਤਿਗੁਰ ਪ੍ਰਸਾਦਿ

# ਮੱਕੇ ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਦੀ ਆਮਦ

## ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਇਤਿਹਾਸ ਪੁਸਤਕ ਵਿੱਚੋਂ

## ਮੱਕੇ ਮਦੀਨੇ ਦੇ ਕਾਜੀਆਂ, ਮੁੱਲਾਂ ਮੌਲਵੀਆਂ ਤੇ ਇਮਾਮਾਂ ਨਾਲ ਗਿਆਨ ਗੋਸ਼ਟੀ

ਭਾਗ ਪਹਿਲਾ

ਬਾਬਾ ਫਰਿ ਮੱਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸੱਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ।
ਲਤਾ ਵਲਿ ਖੁਦਾਇ ਦੇ ਕਿਉ ਕਰਿ ਪਇਆ ਹੋਇ ਬਜਿਗਾਰੀ।
ਟੰਗੋਂ ਪਕੜਿ ਘਸੀਟਿਆ ਫਿਰਿਆ ਮੱਕਾ ਕਲਾ ਦਿਖਾਰੀ।
ਹੋਇ ਹੈਰਾਨੁ ਕਰੇਨਿ ਜੁਹਾਰੀ। 1 / 32 ਭਾਈ ਗੁਰਦਾਸ ਜੀ

# ਮੱਕੇ ਦੇ ਚਾਰ ਇਮਾਮਾਂ ਦੀ ਗੁਰੁ ਨਾਨਕ ਸਾਹਿਬ ਨੂੰ ਧੱਮਕੀ

ਗੋਰਖ ਧੰਦਾ ਬਣੇ ਧਰਮ ਬਾਰੇ ਜਾਗਰੂਕ ਕਰਨ ਲਈ ਮੱਕੇ ਦੇ ਮੁੱਖ ਮੋਲਵੀਆਂ, ਮੁੱਲਾ ਕਾਜੀਆਂ ਅਤੇ ਮਦੀਨੇ ਦੇ ਮੁੱਖ ਚਾਰ ਇਮਾਮਾ ਨਾਲ ਗੁਰੁ ਨਾਨਕ ਸਾਹਿਬ ਨੇ ਗਿਆਨ ਗੋਸਟੀ ਦੇ ਰੂਪ ਵਿੱਚ ਅਨੇਕ ਰੱਬੀ ਵਿਚਾਰਾਂ ਕੀਤੀਆਂ। ਇਸ ਤੋਂ ਇਲਾਵਾ ਇਸਲਾਮ ਧਰਮ ਦੇ ਮੁੱਖ ਆਗੂਆਂ ਤੇ ਪੀਰਾਂ ਨੇ ਰੁਹਾਨਿਅਤ ਦੇ ਲਗ ਭਗ 140 ਸਵਾਲ ਗੁਰੁ ਨਾਨਕ ਸਾਹਿਬ ਨੂੰ ਕੀਤੇ ਸਨ। ਮਦੀਨੇ ਦੇ ਇਮਾਮਾਂ ਨੇ ਗੁਰੁ ਨਾਨਕ ਸਾਹਿਬ ਨੂੰ ਆਖਿਆ। ਕਿ ਤੁਸੀਂ ਇਕ ਹਿੰਦੀ ਫਕੀਰ ਹੋ॥ ਕਰਾਮਾਤਾਂ ਨਾਲ ਮੱਕੇ ਨੂੰ ਘੁੰਮਾ ਕੇ ਤੁਸੀ ਮਕੇ ਦੇ ਹਾਜੀਆਂ ਕਾਜੀਆਂ ਅਤੇ ਮੁਲਾਂ ਮੌਲਵੀਆਂ ਨੂੰ ਜਿਤ ਕੇ ਹੁਣ ਤੁਸੀਂ ਮਦੀਨੇ ਆ ਵੜੇ ਹੋ॥ ਖੁਦਾਈ ਵਿਚਾਰਾ ਤੋਂ ਤੁਹਾਡੇ ਪੈਗੰਬਰ ਹੋਣ ਦਾ ਦਾਵਾ ਮਾਲੂਮ ਹੁੰਦਾ ਹੈ॥ ਹੁਣ ਤੁਸੀਂ ਮਦੀਨੇ ਦੇ ਪੀਰਾਂ ਦਾ ਮੱਤ ਛੱਡਵਾ ਕੇ ਇਸਲਾਮ ਮੱਤ ਨੂੰ ਆਪਣੇ ਰਾਹ ਤੋਰਨਾ ਚਾਹੁੰਦੇ ਹੋ। ਪਰ ਮਦੀਨੇ ਦੇ ਪੀਰ ਐਸਾ ਕੱਤਈ ਨਹੀ ਹੋਣ ਦੇਣ ਗੇ। ਜੇਕਰ ਤੁਸੀ ਸਾਡੇ ਸਵਾਲਾਂ ਦੀ ਪੂਰੀ ਤੱਸਲੀ ਨਾ ਕਰਵਾ ਸਕੇ, ਤਾਂ ਇਥੇ ਦੇ ਅਰਬੀ ਲੋਗ ਤੁਹਾਨੂੰ ਸੰਗਸਾਰ (ਇਟਾਂ ਪਥੱਰ ਮਾਰਨਾ) ਕਰਕੇ ਮਾਰ ਦੇਣਗੇ। ਹੁਣ ਤੁਹਾਨੂੰ ਹਿੰਦ ਜਾਣਾ ਭੁਲ ਜਾਣਾ ਚਾਹੀਦਾ ਹੈ।

ਪ੍ਰਕਾਸ਼ਕ
ਨਵ ਯੁਗ ਚੇਤਨਾ ਸਮਾਜ

# ਮੱਕੇ ਮਦੀਨੇ ਵਿੱਚ ਗੁਰੂ ਨਾਨਕ ਸਾਹਿਬ ਦੀ ਆਮਦ

**ਅਰਥਾਂ ਰਹਿਤ ਭਾਗ ਪਹਿਲਾ (ਪੰਜਾਬੀ)**

## ਕਥਨੀ- ਭਾਈ ਬਾਲਾ ਜੀ

ਪ੍ਰਕਾਸ਼ਕ
ਨਵ ਯੁਗ ਚੇਤਨਾ ਸਮਾਜ
**1718/4 Gobind Puri Extn.**
**New Delhi- 110019**

ਪਹਿਲੀ ਵਾਰ ਮਈ 2007

ਲੇਖਕ
ਜਗਦੀਸ਼ ਸਿੰਘ ਕੋਟਲੀ
1718/4 Gobind Puri Exy New Delhi 110019
**Tel :- 011-26023561**
**e-mail :- jsingh_kotli@yahoo.co.in**

## ਇਸੇ ਕਲਮ ਤੋਂ ਕੁਝ ਹੋਰ ਲਿਖਤਾਂ

1 ਸ਼ਾਂਤੀ ਦੇ ਪੁੰਜ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ
ਅਸਲ ਤੱਥ

2 ਗੁਰਦਵਾਰਾ ਧੁਬੜੀ ਸਾਹਿਬ (ਅਸਾਮ)
ਸੰਖੇਂਪ ਇਤਹਾਸ ਗੁਰੂ ਤੇਗ ਬਹਾਦਰ ਸਾਹਿਬ ਜੀ
ਦਾ ਅਸਾਮ ਭਰਮਣ.

3 ਕੜਵਾ ਸੱਚ
ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ
ਹਿੰਦੀ ਅਤੇ ਪੰਜਾਬੀ ( ਪਹਿਲੇ ਭਾਗ ਦਾ ਕੁਝ ਹਿੱਸਾ)

4 ਕੜਵਾ ਸੱਚ
ਧਰਮ ਦੀ ਵਿਆਖਿਆ ਅਤੇ ਸੱਚ ਦਾ ਮਾਰਗ
ਪੰਜਾਬੀ ( ਪਹਿਲਾ ਭਾਗ )

5 ਮਾਵਾਂ ਆਪਣਾ ਫ਼ਰਜ਼ ਪਛਾਨੰਣ

6 ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਜੀ
ਦੇ ਜੀਵਨ ਦਾ ਸੰਖੇਪ ਇਤਿਹਾਸ

# ਮੁੱਖ ਬੰਦ
# ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਦਾ
# ਅਰਬ ਦੇਸਾਂ ਦੇ ਭਰਮਣ ਦਾ ਮੁੱਖ ਮੰਤਵ

ਮੱਨੁਖ ਕਿਸੇ ਵੀ ਦੇਸ਼ ਦਾ ਧਰਮ ਦਾ ਯਾ ਕਿਸੇ ਵੀ ਵਰਗ ਦਾ ਕਿਉ ਨਾ ਹੋਵੇ, ਕਦੇ ਨਾ ਕਦੇ ਆਪਣੇ ਅੰਦਰਲੀ ਹੂਕ ਤੇ ਆਪਣੇ ਦੁਖਾਂ ਤੋਂ ਸਦੀਵੀਂ ਛੁਟਕਾਰੇ ਲਈ ਜਰੂਰ ਸੋਚਦਾ ਅਤੇ ਕੋਈ ਨਾ ਕੋਈ ਯਤਨ ਕਰਦਾ ਹੈ। ਇਸ ਹਾਲਤ ਵਿੱਚ ਮੱਨੁਖ ਆਪਣੇ ਧਾਰਮਿਕ ਆਗੂਆਂ, ਸਾਧੂ ਸੰਤਾਂ, ਪੀਰਾਂ ਫਕੀਰਾਂ ਦੇ ਚਰਨ ਵੀ ਜਾ ਪਕੜਦਾ ਹੈ। ਪਰ ਜੇਕਰ ਧਾਰਮਿਕ ਆਗੂ ਆਪ ਅੰਧੇਰੇ (ਅਗਿਆਨੀ) ਵਿੱਚ ਹੋਣ, ਤਾਂ ਜਿਥੇ ਮਾਨਵਵਾਦੀ ਸੋਚ ਦੱਫ਼ਨ ਹੋ ਜਾਂਦੀ ਹੈ, ਉਥੇ ਧਰਮ ਵੀ ਪੰਖ ਲਾ ਕੇ ਉਡ ਜਾਂਦਾ ਹੈ। ਨਤੀਜੇ ਵਜੋਂ ਰਾਜਨੀਤਕ ਲੋਕਾਂ ਦਾ ਜਨੂੰਨੀ ਅਤੇ ਅਨਿਆਕਾਰੀ ਬਣ ਜਾਣਾ, ਲੋਕਾਈ ਦਾ ਕੁਰਾਹੇ ਪੈ ਜਾਣਾ ਅਤੇ ਮੱਨੁਖੀ ਸਾਂਝ ਟੁਟ ਜਾਣਾ ਕੁਦਰਤੀ ਗਲ ਹੈ।

ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਸਮੇਂ ਪਛਮੀ ਏਸੀਆ ਵਿੱਚ ਇਸਲਾਮ ਮੱਤ ਦਾ ਪੂਰਾ ਬੋਲ ਬਾਲਾ ਸੀ। ਭਾਵੇਂ ਇਸਲਾਮਿਕ ਆਗੂਆਂ ਦੀ ਅਗਿਆਨਤਾ ਕਾਰਣ ਇਸਲਾਮ ਮੱਤ ਵੀ ਫਜ਼ੂਲ ਰਹੁ ਰੀਤੀਆਂ ਅਤੇ ਕਰਮ-ਕਾਂਡਾਂ ਦਾ ਗੋਰਖ ਧੰਦਾ ਬਣ ਚੁਕਾ ਸੀ। ਪਰ ਅਨੇਕ ਫਿਰਕਿਆਂ ਅਤੇ ਵੱਖਰੀਆਂ ਵੱਖਰੀਆਂ ਧਾਰਮਿਕ ਮਨੌਤਾਂ ਉਪਰੰਤ ਵੀ ਪਛਮੀ ਏਸ਼ੀਆ ਦੇ ਲੋਕ ਸਦੀਵੀਂ ਸੁਖ ਲਈ (ਜੰਨਤ) ਮੱਕੇ ਮਦੀਨੇ ਦੀ ਅਗਵਾਈ ਵਿੱਚ ਯਕੀਨ ਰੱਖਦੇ ਸਨ।

ਇਹ ਇਕ ਕੜਵੀ ਸੱਚਾਈ ਹੈ ਕਿ ਸਦੀਵੀਂ ਅਨੰਦ ਲਈ ਗਿਆਨ, ਮੱਨੁਖੀ ਜਾਮੇਂ ਦਾ ਇਕ ਅਹਿੰਮ ਪੜਾਅ ਹੈ। ਗਿਆਨ ਤੋਂ ਬਿਨਾ ਹਰ ਮੱਨੁਖ ਅੰਧਕਾਰ ਵਿੱਚ ਹੀ ਜੀਵਨ ਜੀਉ ਰਿਹਾ ਹੁੰਦਾ ਹੈ। ਗਿਆਨ ਤੋਂ ਬਿਨਾ ਮੱਨੁਖ ਨੂੰ ਕਦੇ ਮਾਨਵਵਾਦ ਦੀ ਅਸਲੀਅਤ ਸਮਝ ਨਹੀਂ ਆਉਂਦੀ, ਅਤੇ ਨਾ ਹੀ ਕਦੇ ਆਪਣੇ

ਜੀਵਨ ਕਾਰਜਾਂ ਬਾਰੇ ਜਾਗਰੂਕ ਹੁੰਦਾ ਹੈ। ਗੁਰੂ ਨਾਨਕ ਸਾਹਿਬ ਨੇ ਮੱਕੇ ਮਦੀਨੇ ਦੇ ਭੱਟਕੇ ਹੋਏ ਮੁੱਲਾਂ ਕਾਜੀਆਂ, ਮੌਲਵੀਆਂ ਅਤੇ ਉਥੇ ਦੇ ਇਮਾਮਾਂ ਨਾਲ ਗਿਆਨ ਚਰਚਾ ਕਰਨ ਦਾ ਮੁੱਖ ਕਾਰਣ ਕਿ ਇਸਲਾਮ ਮੱਤ ਨੂੰ ਮਾਨਵਵਾਦ ਦੇ ਰਾਹ ਤੋਰਨਾ ਸੀ।

## ਨੋਟ

ਮੱਕੇ ਮਦੀਨੇ 'ਚ ਇਸਲਾਮ ਮੱਤ ਦੇ ਮੁੱਖ ਆਗੂਆਂ, (ਮੁਲਾਂ ਮੌਲਵੀਆਂ, ਕਾਜੀਆਂ) ਹਿੰਦੂ ਮੱਤ ਦੇ ਧਾਰਮਿਕ ਆਗੂਆਂ, ਸਿੱਧਾਂ ਜੋਗੀਆਂ, ਸੰਨਿਆਸੀਆਂ ਨਾਲ ਗਿਆਨ ਚਰਚਾ ਕਰਨ ਦਾ ਮੁੱਖ ਕਾਰਣ ਗਿਆਨ-ਵਾਨ ਆਗੂਆਂ ਦੀ ਅਗਵਾਈ ਵਿੱਚ ਸਾਰੇ ਫਿਰਕਿਆਂ ਦੇ ਆਪਸੀ ਝਗੜਿਆਂ ਨੂੰ ਰੋਕਣਾ ਅਤੇ ਹਰ ਮੱਨੁਖ ਮਾਨਵਵਾਦ ਦੇ ਰਾਹ ਤੋਰਨਾਂ ਸੀ ਤਾਂ ਜੋ ਹਰ ਮੱਨੁਖ ਸਦੀਵੀਂ ਸੁਖ ਦਾ ਪਾਤਰ ਬਣ ਸਕੇ। ਮੱਕੇ ਮਦੀਨੇ ਦੇ ਧਾਰਮਿਕ ਆਗੂਆਂ ਨਾਲ ਅਤੇ ਸਿੱਧਾਂ ਜੋਗੀਆਂ ਨਾਲ ਹੋਈ ਪੂਰੀ ਗਿਆਨ ਗੋਸ਼ਟੀ ਨੂੰ ਬਹੁਤ ਜਲਦੀ ਅਰਥਾਂ ਸਹਿਤ ਜੁਗਿਆਸੂ ਲੋਕਾਂ ਦੇ ਰੁਬਰੂ ਕੀਤਾ ਜਾਵੇ ਗਾ।

ਜਗਦੀਸ਼ ਸਿੰਘ ਕੋਟਲੀ

## ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਦੀ ਪੁਸਤਕ ਵਿੱਚੋਂ ਪੰਨਾ **83,** ਤੇ

ਆਪਣੇ ਸਾਥੀਆਂ ਸਮੇਤ ਗੁਰੂ ਸਾਹਿਬ ਅੱਦਨ ਰਸਤੇ ਚਲਕੇ ਮੱਕੇ ਪਹੁੰਚੇ। ਰਾਤ ਨੂੰ ਕਾਬੇ ਦੀ ਪ੍ਰਕਰਮਾ ਦੀ ਚਾਰ ਦਿਵਾਰੀ ਅੰਦਰ ਕਾਬੇ ਵੱਲ (ਮੱਕੇ ਵਲ ਪ੍ਰਕਰਮਾ ਦੀ ਡਾਟ) ਪੈਰ ਕਰਕੇ ਸੌਂ ਗਏ। ਜੀਉਣਾ ਨਾਮ ਦੇ ਮੁਖੀ ਮੁਜਾਹਰ ਨੇ ਜਦ ਗੁਰੂ ਨਾਨਕ ਸਾਹਿਬ ਨੂੰ ਇਸ ਹਾਲਤ ਵਿੱਚ ਦੇਖਿਆ। ਤਾਂ ਖੁਦਾ ਦੇ ਘਰ ਦੀ ਬੇਅਦੱਬੀ ਅਤੇ ਇਸ ਗੁਸਤਾਖੀ ਬਾਰੇ ਗੁਰੂ ਸਾਹਿਬ ਤੋਂ ਜਵਾਬ ਤਲਬੀ ਕੀਤੀ। ਗੁਰੂ ਸਾਹਿਬ ਨੇ ਕਿਹਾ, ਕਿ ਤੇਰਾ ਕਿਆ ਨਾਮ ਹੈ, ਤਾਂ ਉਸ ਨੇ ਆਪਣਾ ਨਾਮ ਜੀਉਣਾ ਦਸਿਆ। ਗੁਰੂ ਨਾਨਕ ਸਾਹਿਬ ਨੇ ਉਸ ਜੀਊਣੇ ਮੁਜ਼ਾਹਰ ਨੂੰ ਪਿਆਰ ਨਾਲ ਆਖਿਆ, ਕਿ ਖੁਦਾ ਦੇ ਘਰ ਵਿੱਚ ਰਹਿਣ ਵਾਲੇ ਜੀਉਣਿਆਂ ਜੇ ਤੈਨੂੰ ਖੁਦਾ ਦੇ ਘਰ ਵਿੱਚ ਰਹਿਕੇ ਖੁਦਾ ਨਜ਼ਰ ਨਹੀ ਆਉਂਦਾ, ਤਾਂ ਸਾਡੇ ਪੈਰ ਉਸ ਪਾਸੇ ਕਰ ਦਿਓ. ਜਿਸ ਪਾਸੇ ਖੁਦਾ ਦਾ ਘਰ ਨਹੀਂ ਹੈ। ਸਾਨੂੰ ਤਾਂ ਹਰ ਪਾਸੇ ਖੁਦਾ ਹੀ ਖੁਦਾ ਨਜ਼ਰ ਆਉਂਦਾ ਹੈ,ਅਸੀਂ ਤਾਂ ਰਾਤੀਂ ਥੱਕੇ ਹੋਏ ਆਕੇ ਸੌਂ ਗਏ ਸੀ। ਭਾਵੇਂ ਖੁਦਾ ਪ੍ਰਸਤ ਜੀਉਣੇ ਨੇ ਗੁਰੂ ਸਾਹਿਬ ਨੂੰ ਕਈ ਸਵਾਲ ਕੀਤੇ, ਪਰ ਗੁਰੂ ਨਾਨਕ ਸਾਹਿਬ ਜੀਉਣੇ ਨੂੰ ਖੁਦਾਈ ਬੋਲਾਂ ਨਾਲ ਕੋਸਣ ਲਗੇ।

## ਕ੍ਰਾਂਤੀਕਾਰੀ ਰਹਿਬਰ ਗੁਰੂ ਨਾਨਕ ਸਾਹਿਬ ਦੀ ਪੁਸਤਕ ਵਿੱਚੋਂ ਪੰਨਾ **89,92,**

ਗੁਰੂ ਨਾਨਕ ਸਾਹਿਬ ਆਪਣੇ ਮਿਸ਼ਨ ਅਨੁਸਾਰ ਹੁਣ ਇਮਾਮਾਂ ਤੇ ਮੌਲਵੀਆਂ ਦੇ ਗੜ ਮਦੀਨ ਵਿੱਚ ਉਸ ਅਸਥਾਨ ਤੇ ਗਏ, ਜਿਥੇ ਇਸਲਾਮ ਮੱਤ ਦੇ ਪੈਗੰਬਰ ਮੁਹਮੰਦ ਸਾਹਿਬ ਨੂੰ ਦਫ਼ਨਾਇਆ ਗਿਆ ਸੀ। ਉਥੇ ਸਿਰਫ ਇਸਲਾਮ ਮੱਤ ਦੇ ਉਚ ਪੀਰਾਂ ਤੇ ਪੈਗਬੰਰਾਂ ਨੂੰ ਹੀ ਦਫ਼ਨਾਇਆ ਜਾਂਦਾ ਸੀ। ਉਸ

ਕਬਰਸਿਤਾਨ ਤੇ ਕਿਸੇ ਵੀ ਵਿਆਕਤੀ ਨੂੰ ਜਾਣ ਦੀ ਇਜਾਜਤ ਨਹੀਂ ਸੀ। ਗੁਰੁ ਨਾਨਕ ਸਾਹਿਬ ਜਦ ਉਸ ਕਬਰਸਿਤਾਨ ਤੇ ਰੱਬੀ ਉਸਤੱਤ ਵਿੱਚ ਸ਼ਬਦ ਗਾਉਂਣ ਲਗੇ। ਤਾਂ ਉਸ ਇਲਾਕੇ ਦੇ ਨਿਵਾਸੀਆਂ ਨੂੰ ਐਸਾ ਦੇਖਕੇ ਬੜਾ ਅਸਚਰੱਜ ਹੋਇਆ। ਇੱਕਠੇ ਹੋਕੇ ਗੁਰੂ ਸਾਹਿਬ ਨੂੰ ਰੋਕਣ ਦੀ ਕੋਸਿਸ਼ ਵੀ ਕੀਤੀ, ਅਤੇ ਦਸਿਆ ਕਿ ਇਥੇ ਆਉਣ ਵਾਲੇ ਤੇ ਗਾਉਂਣ ਵਾਲੇ ਨੂੰ ਕਾਫਰ ਮੰਨਿਆਂ ਜਾਂਦਾ ਹੈ। ਗੁਰੂ ਸਾਹਿਬ ਨੂੰ ਇਥੋਂ ਭਜਾਉਣ ਲਈ ਕਈ ਤਮਾਸ਼ਗੀਰ ਲੋਕ ਮਾਰ ਕੁਟ ਤੇ ਵੀ ਉਤਰ ਆਏ। ਪਰ ਗੁਰੂ ਨਾਨਕ ਸਾਹਿਬ ਨੇ ਆਖਿਆ। ਕਿ ਐਸਾ ਕਰਨ ਤੋਂ ਜਿਸ ਨੇ ਰੋਕਿਆ ਹੈ, ਤੁਸੀ ਮੈਨੂੰ ਉਸ ਦੇ ਹਵਾਲੇ ਕਰ ਦਿਓ, ਜੋ ਸਜ਼ਾ ਦੇਣ ਗੇ, ਮੈਨੂੰ ਮਨਜੂਰ ਹੈ। ਉਨਾਂ ਲੋਗਾਂ ਨੇ ਗੁਰੂ ਨਾਨਕ ਸਾਹਿਬ ਨੂੰ ਮਦੀਨੇ ਦੇ ਮੁਖੀ ਇਮਾਮਾਂ ਪਾਸ ਪੇਸ਼ ਕਰ ਦਿਤਾ। ਜਿਨਾਂ ਨੇ ਇਸ ਕਬਰਸਿਤਾਨ ਤੇ ਆਉਣ ਦੀ ਅਤੇ ਗਾਉਂਣ ਦੀ ਰੋਕ ਲਾ ਰੱਖੀ ਸੀ।

ਕਾਜੀ ਮੌਲਵੀਆਂ ਦੇ ਯਕੀਦੇ ਅਨੁਸਾਰ ਇਸਲਾਮ ਮੱਤ ਦੇ ਚਾਰ ਪੈਗਬੰਰ ਜੋ ਖੁਦਾ ਦੇ ਯਾਰ ਹਨ, ਤੇ ਖੁਦਾ ਪਾਸ ਰਹਿੰਦੇ ਹਨ। ਜੋ ਸ਼ਰਾਅ ਚ ਰਹਿਣ ਵਾਲੇ ਮੁਸਲਮਾਨ ਦੀ ਦਰਗਾਹ ਵਿੱਚ ਮਦਦ ਕਰਦੇ ਹਨ । ਇਸਲਾਮਿਕ ਯਕੀਦੇ ਅਨੁਸਾਰ ਸਿਰਫ ਸ਼ਰਾਅ ਦੀ ਬੰਧਿਸ਼ ਵਿੱਚ ਰਹਿਣ ਵਾਲਾ ਮੁਸਲਮਾਨ ਹੀ ਰੱਬ ਦਾ ਬੰਦਾ ਹੈ, ਜੋ ਖੁਦਾ ਦੇ ਦਰਸ਼ਨ ਦੀਦਾਰੇ ਉਪਰੰਤ ਹੀ ਜਨੰਤ ਦਾ ਪਾਤਰ ਬਣਦਾ ਹੈ। ਸ਼ਰਾਅ ਵਿੱਚ ਰਹਿਣ ਵਾਲਾ ਮੁਸਲਮਾਨ ਜਦ ਮਰਦਾ ਹੈ, ਤਾਂ ਰੂਹ ਉਸ ਦੇ ਸਰੀਰ ਵਿਚ ਹੀ ਰਹਿੰਦੀ ਹੈ। ਨਬੀ ਰਸੂਲ ਦੀ ਗਵਾਹੀ ਵਿਚ ਇਸਰਾਫੀਲ ਫਰਿਸ਼ਤੇ ਪਾਸ ਰੂਹ ਦੀ ਪੇਸ਼ੀ ਸਮੇਂ ਚਾਰ ਪੈਗੰਬਰਾਂ ਦੀ ਵਕਾਲਤ ਵਿੱਚ ਖੁਦਾ ਕਾਜ਼ੀ ਬਣਕੇ ਮੁਸਲਮਾਨ ਨੂੰ ਪਾਕ ਕਰਨ ਉਪਰੰਤ ਰੂਹ ਨੂੰ ਭਿਸ਼ਤ ਦਾ ਪਾਤਰ ਬਣਾਉਂਦਾ ਹੈ।

ਇਸ ਕਰਕੇ ਦੋਜ਼ਕ ਦੀ ਅੱਗ ਤੋਂ ਬਚਾਉਂਣ ਲਈ ਹੀ ਮੁਸਲਮਾਨ ਨੂੰ ਦਫ਼ਨਾਇਆ ਜਾਂਦਾ ਹੈ। ਐਸਾ ਯਕੀਨ ਇਸਲਾਮ ਮੱਤ ਵਿੱਚ ਬਣਿਆ ਹੋਇਆ ਸੀ।

ਮਦੀਨੇ ਦੇ ਇਮਾਮਾਂ ਨੇ ਗੁਰੂ ਨਾਨਕ ਸਾਹਿਬ ਨੂੰ ਆਖਿਆ। ਕਿ ਤੁਸੀਂ ਪਾਕ ਰੂਹਾਂ ਨੂੰ ਪ੍ਰੇਸ਼ਾਨ ਕਰਨ ਕਿਉ ਆਏ ਹੋ। ਜੋ ਬਹੀਸ਼ਤ ਵਿਚ ਆਰਾਮ ਕਰ ਰਹੇ ਹਨ। ਇਸ ਕਰਕੇ ਕਿਸੇ ਨੂੰ ਇਥੇ ਆਉਂਣ ਦੀ ਅਤੇ ਗਾਉਂਣ ਦੀ ਇਜ਼ਾਜਤ ਨਹੀਂ ਹੈ। ਇਥੇ ਦੇ ਮੁੱਖ ਮੁਸੱਲੇ ਇਮਾਮਾਂ ਅਤੇ ਮੌਲਵੀਆਂ ਨੇ ਸ਼ਰਾਅ ਦੀ ਬਦ-ਅਮਲੀ ਤਹਿਤ ਗੁਰੂ ਨਾਨਕ ਸਾਹਿਬ ਨੂੰ ਘੇਰ ਲਿਆ।

ਗੁਰੂ ਨਾਨਕ ਸਾਹਿਬ ਦਾ ਮੱਕੇ ਅਤੇ ਉਸ ਕਬਰਸਿਤਾਨ ਤੇ ਜਾਣ ਦਾ ਮੁੱਖ ਕਾਰਣ ਸਚੀ ਦਰਗਾਹ (ਜੰਨਤ) ਦੇ ਨਾਮ ਤੇ ਸ਼ਰਾਅ ਦੀ ਗੁਲਾਮੀ ਚ ਜੀਉ ਰਹੇ ਲੋਕਾਂ ਦਾ ਭਰਮ ਦੂਰ ਕਰਨਾ ਸੀ, ਤੇ ਮੁੱਖੀ ਪੀਰਾਂ ਨੂੰ ਗਿਆਨ ਦੇਕੇ ਇਸਲਾਮ ਮੱਤ ਦੇ ਆਗੂਆਂ ਨੂੰ ਖੁਦਾ ਪ੍ਰਸਤੀ ਅਤੇ ਮਾਨਵਵਾਦ ਦੇ ਰਾਹ ਤੋਰਨਾ ਸੀ। ਕਲਿਆਣਕਾਰੀ ਮੱਤ ਦੀਆਂ ਨੀਹਾਂ ਪਕੀਆਂ ਕਰਨ ਦੇ ਮੰਤਵ ਨਾਲ ਗੁਰੂ ਨਾਨਕ ਸਾਹਿਬ ਜਿਸ ਵੀ ਧਰਮ ਦੇ ਆਗੂਆਂ ਨੂੰ ਮਿਲਦੇ, ਪਹਿਲਾਂ ਉਸ ਮੱਤ ਦੇ ਮੂਲ ਸਿਧਾਂਤਾਂ, ਧਾਰਮਿਕ ਮਨੌਤਾਂ ਅਤੇ ਅੰਤਿਮ ਲਕਸ਼ਯ ਬਾਰੇ ਪੁੱਛ ਗਿੱਛ ਕਰਦੇ, ਉਨਾਂ ਦੀ ਸੋਚ ਦੇ ਪ੍ਰਗਟਾਵੇ ਉਪਰੰਤ ਬਾਅਦ ਵਿੱਚ ਗਿਆਨ ਵਿਗਿਆਨ (ਗੁਰਮੱਤ) ਰਾਹੀ ਚਰਚਾ ਕਰਕੇ ਸੱਚਾਈ ਉਨਾਂ ਦੇ ਸਾਹਮਣੇ ਰਖਦੇ ਸਨ। ਜਿਵੇਂ ਇਸ ਸ਼ਬਦ ਵਿੱਚ ਹੋਰ ਮੱਤਾਂ ਦੀਆਂ ਧਾਰਮਿਕ ਮਨੌਤਾਂ ਦਾ ਜਿਕਰ ਕੀਤਾ ਹੈ।

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ ॥

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ॥
ਹਿੰਦੂ ਸਲਾਹੀ ਸਲਾਹਨਿ ਦਰਸਨਿ ਰੂਪਿ ਅਪਾਰੁ॥
ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹਕਾਰੁ॥
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ॥
ਸੂਖਮ ਮੂਰਤਿ ਨਾਮੁ ਨਿੰਰਜਨ ਕਾਇਆ ਕਾ ਆਕਾਰ॥
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰ॥  ਆਦ ਆਦ

ਗੁਰੁ ਨਾਨਕ ਸਾਹਿਬ ਨੇ ਮੁਖ ਕਾਜੀਆਂ ਅਗੇ ਸਾਰੇ ਮੱਤਾਂ ਵਿੱਚ ਫਜ਼ੂਲ ਕਰਮ ਕਾਂਡਾਂ ਦੀ ਤਸਵੀਰ ਰੱਖਕੇ ਸ਼ਰਾਅ ਦੇ ਯਕੀਦੇ ਨੂੰ ਇਸ ਸੱਚਾਈ ਨਾਲ ਨਿਕਾਰ ਦਿਤਾ। ਕਿ ਸਰੀਰ ਕਿਸੇ ਵੀ ਗੁਰੂ ਪੀਰ ਯਾ ਪੈਗੰਬਰ ਦਾ ਕਿਉਂ ਨਾ ਹੋਵੇ। ਸਰੀਰ ਵਿਚੋਂ ਜੀਵ ਆਤਮਾ ਨਿਕਲ ਜਾਣ ਉਪਰੰਤ ਸਰੀਰ ਮਿਟੀ ਬਣ ਜਾਂਦਾ ਹੈ। ਜਨੰਤ ਤੇ ਦੋਜਕ ਦੇਣਾ ਸ਼ਰਾਅ ਅਤੇ ਗੁਰੂਆਂ ਪੀਰਾਂ ਪੈਗੰਬਰਾਂ ਦੇ ਅਧਿਕਾਰ ਵਿਚ ਨਹੀ। ਇਹ ਨਬੇੜਾ ਤਾਂ ਜੀਵ ਦੇ ਕੀਤੇ ਕਰਮਾਂ ਨਾਲ ਹੁੰਦਾ ਹੈ। ਸਰੀਰ ਪੰਜ ਤੱਤਾਂ ਦੀ ਬਣੱਤਰ ਹੈ। ਦੇਹ ਮਿੱਟੀ ਦੀ ਜਾਤ ਹੈ ਅਤੇ ਰੂਹ ਪੌਣ (ਹਵਾ) ਦੀ। ਇਸ ਕਰਕੇ ਸਰੀਰ ਨੇ ਮਿਟੀ ਵਿੱਚ ਅਤੇ ਰੂਹ ਨੇ ਪੌਣ ਵਿਚ ਮਿਲ ਜਾਣਾ ਹੈ। ਸਰੀਰ ਛੱਡਣ ਨਾਲ ਰੂਹ ਨੂੰ ਨਾ ਅੱਗ ਸਾੜ ਸਕਦੀ ਹੈ ਅਤੇ ਨਾ ਪਾਣੀ ਗਲਾਅ ਸਕਦਾ ਹੈ। ਰੂਹ ਨੂੰ ਤਾਂ ਦੁਖ ਹੋਰ ਜੂਨਾਂ ਵਿਚ ਪੈਕੇ ਭੁਗਤਣਾ ਪੈਂਦਾ ਹੈ। ਮਿਟੀ ਤਾਂ ਵਾਰ ਵਾਰ ਸੜਕੇ ਰੂਹ ਨੂੰ ਸਰੀਰ ਦਿੰਦੀ ਹੈ। ਤੂਸੀਂ ਇਸ ਭੁਲੇਖੇ ਵਿਚ ਖੁਦਾ ਦੇ ਦਰਸ ਦੀਦਾਰੇ ਦਾ ਰਾਹ ਤਿਆਗ ਬੈਠੇ ਹੋ॥

## ਸੁਆਲ ਮੁੱਲਾਂ ਜੀਵਣ ਸੂਰਾ (ਪਹਿਲਾ ਸਵਾਲ ਜੀਉਣੇ ਮੁਜ਼ਾਹਰ ਨੇ ਕੀਤਾ)

ਹਮਦ ਸਨਾਈਂ ਰਬ ਨੋਂ ਦੋਇਮ ਨਬੀ ਰਸੂਲ॥ ਸੋਇਮ ਚਾਰੋਂ ਯਾਰ ਹੈਨ ਪੜ੍ਹ ਕਲਮਾ ਪਏਕਬੂਲ॥ ਲਿਖਿਆ ਧੁਰਦਰਗਾਹ ਦੇਇ ਇੱਕੋ ਪਾਕ ਅਲਾਹਿ॥ ਉਪਰਿ ਕਲਮਾ ਨਬੀ ਦਾ ਪੜ੍ਹਿਆਂ ਹੋਇ ਪਾਕ ਅਉਰਾਹਿ॥ ਇਸਰਾਫ਼ੀਲ ਫ਼ਰੇਸ਼ਸਾ ਸਦਿ ਫੂਕੇ ਸੀ ਕਰਨਾਇ॥ ਤਿਸ ਰੋਜ਼ ਮਹਸ਼ਰ ਡੇਹੜੇ ਪਉਸੀ ਗ਼ੁਲ ਕਹਾਇ॥ ਉਡਸੀ ਦੁਨੀਆ ਐਤਭਾਂਤ ਜਿਉਂ ਪੇਵੇਂ ਦੀ ਕਪਾਹਿ॥ ਤਪਸਨ ਜ਼ਿਮੀ ਅਸਮਾਨ ਦੁਇ ਰੂਹ ਖਾਸਨਿ ਬਡੇ ਤਾਹਿ॥ ਤਦ ਕਾਜ਼ੀ ਹੋਸੀ ਆਪ ਰਬ ਮੁਫ਼ਤੀ ਨਬੀ ਰਸੂਲ॥ ਪੁਛਸਨਿ ਖੋਲ੍ਹ ਕਿਤਾਬ ਨੋਂ ਨੇਕ ਬਦਾਂ ਸਭ ਮੂਲ॥ ਸਭ ਛਡ ਪੁਛਸਨਿ ਉਮਤੀ ਜਿਨਾਂ ਕੀਏ ਸਵਾਬ ਅਜ਼ਾਬ॥ ਹਜ਼ਰਤ ਕਾ ਫ਼ਰਮਾਇਆ ਲਿਖਿਆ ਵਿੱਚ ਕਿਤਾਬ॥ ਤਿਸ ਰੋਜ਼ ਮਹਾਂਮਰ ਡੇਹੜੇ ਹੋਸਨਿ ਸੇਈ ਖ਼ਰਾਬ॥ ਜੋ ਦਿਤੀ ਬਾਂਗ ਨ ਜਾਗਦੇ ਸੁੱਤੇ ਪਏ ਨਪਾਕ॥ ਮੁੱਤੜਿ ਥੀਏ ਰਬਦੇ ਦਰਤੇ ਮਿਲੀ ਤਲਾਕ॥ ਬੇਨਿਮਾਜਾਂ ਤੇ ਸਗ ਭਲੇ ਜੋ ਰਹਿੰਦੇ ਰਾਤੀ ਜਾਗ॥ ਓਇ ਕਰਨ ਅੱਲਹ ਦੀ ਬੰਦਗੀ ਵਡੇ ਤਿਨਾੜੇ ਭਾਗ॥ ਹੱਡ ਪਲੀਤੀ ਕਾਫ਼ਰਾਂ ਪਰ ਅਉਰਤ ਨਾਲ ਮੁਹਾਬ॥ ਓਇ ਵੇਲਾ ਵਖਤ ਨ ਜਾਣਦੇ ਨਾ ਕਿਛ ਉਮਰ ਖ਼ਿਤਾਬ॥ ਦੋਜ਼ਕ ਸੜਦੇ ਪਾਈਐ ਤਾਂਤੇ ਸਹਨ ਅਜ਼ਾਬ॥ ਅਜ਼ਰਾਈਲ ਫ਼ਰੇਸ਼ਤਾ ਆਖ਼ਰ ਕਰੇ ਖਰਾਬ॥ ਸੂਰ ਸਰਬ ਹਰਾਮ ਹੈ ਬੋਜਾ ਭੰਗ ਗੁਨਾਹ॥ ਜੀਵਣ ਸ਼ਾਮਤ ਨਫ਼ਸ ਦੀ ਪਾਸਨਿ ਕੱਲੇ ਸਜਾਇ॥

ਜਵਾਬ ਬਾਬਾ ਨਾਨਕ ਸੂਰੇ ਕੀਤਾ॥ ਹਮਦ ਸਨਾਈਂ ਰਬ ਨੋਂ ਵਾਹਿਦ ਲਾ ਸ਼ਰੀਕ॥ ਅਵਾਤਾਰਾ ਪੈਕੰਬਰਾ ਇਕ ਸਕਿਆ ਨ ਕਰ ਤਹਕੀਕ॥ ਲਖ ਚਉਰਾਸੀਹ ਆਲਮਾ ਕਾਨ ਹੈਵਾਨ ਨਬਾਤ॥ ਵਾਹਿਦ ਲਾਸ਼ਰੀਕ ਹੈ ਨਿਤ ਮੁਖਹੁ ਅਲਾਵਹਿ ਜਾਪ॥ ਵਾਹਿਦ ਲਾਸ਼ਰੀਕ ਹੈ ਇਕ ਕਾਦਰ ਪਾਕ ਅਲਾਹਿ॥ ਕੁਦਰਤਿ ਲੱਖ ਰਸੂਲ ਹੈਨ ਸਚ ਦਰਗਹਿ ਪਾਨ ਨ ਰਾਹ॥ ਕੱਲਾ ਇਕ ਖ਼ੁਦਾਇ ਹੈ ਕੁਦਰਤਿ ਕਈ ਰਸੂਲ॥ ਜੀਵਣ ਨੀਅਤ ਰਾਸ ਕਰ ਦਰਗਹਿ ਪਵਹਿ ਕਬੂਲ॥ ਲਿਖਿਆ ਧੁਰ ਦਰਗਾਹ ਦੇ ਏਕੋ ਪਾਕ ਖ਼ੁਦਾਇ॥ ਦੋਇਮੁ ਹੋਆ ਨ ਹੋਇਗਾ ਜੋ ਹੋਆ ਥੀਆ ਫਨਾਹਿ॥ ਇਸਰਾਫ਼ੀਲ ਫ਼ਰੇਸ਼ਤਾ ਜਦ ਫੁਕੇਸੀ ਕਰਨਾਇ॥ ਜ਼ਿਮੀ ਅਸਮਾਨ ਇਉਂ ਉਡਸਨ ਜਿਉ ਪੇਂਵਾ ਪਿੰਞੇਂ ਕਪਾਹਿ॥ ਮੁਫ਼ਤੀ ਕੋਈ ਨ ਰਬਦਾ ਜੋ ਖੋਲ੍ਹੇ ਪਾਸ ਕਿਤਾਬ॥

ਯਾਰ ਨਾ ਕੋਈ ਅੱਲਹ ਦਾ ਜੋ ਕਰੇ ਸੁਆਲ ਜਬਾਬ॥ ਵਾਹਿਦ ਲਾਸਰੀਕ ਹੈ ਕਾਜ਼ੀ ਮੁਫਤੀ ਆਪ॥ ਆਪੇ ਖੋਲ੍ਹ ਕਿਤਾਬ ਨੋਂ ਆਪੇ ਕਰੇ ਹਿਸਾਬ॥ ਆਪੇ ਬਖ਼ਸ਼ ਮਿਲਾਇਦਾ ਦੇਇ ਸਜਾਈਂ ਆਪ॥ ਇੱਕੋ ਇੱਕ ਖ਼ੁਦਾਇ ਹੈ ਜਿਸਦਾ ਮਾਇ ਨ ਬਾਪ॥ ਚਾਂਦੀ ਧੋਵੈ ਸੁਨਿਆਰ ਜਿਉਂ ਖੋਟੇ ਖਰੇ ਮਿਲਾਇ॥ ਸਿੱਕਾ ਸਚ ਰਲਾਇਕੈ ਖੋਟੇ ਕੰਢੇ ਜਲਾਇ॥ ਹਾਂਡੀ ਚਾੜ੍ਹ ਜਲਾਇਸੀ ਆਪ ਸੁਨਿਆਰਾ ਰਬ॥ ਖੋਟੇ ਬੀਸਨ ਖ਼ਾਕੜੀ ਕਾਇਮ ਖਰੇ ਕੁਤਬ॥ ਜ਼ਰਬਾਂ ਲਗਸਨ ਖੋਟਿਆਂ ਪਰ ਖੋਟੇ ਕਿਤੇ ਨ ਕੰਮ ॥ਸਾਹਿਬ ਐਵੇਂ ਪਰਖਸੀ ਜਿਵੇਂ ਸਰਾਫ਼ਾਂ ਦੰਮ॥ ਖਰੇ ਖ਼ਜ਼ਾਨੇ ਪਉਸਨੀ ਖੋਟੇ ਦਿਚਨ ਡਾਲ॥ ਖੋਟੇ ਮਿਲਸਨ ਖ਼ਾਕ ਨਾਲ ਖਾਸੀ ਜਾਇ ਰਵਾਲ॥ ਨਾਨਕ ਆਖੀ ਜੀਵਣਾ ਮੁਖ ਤੇ ਸਚ ਅਲਾਇ॥ ਰੋਜ਼ ਮਹਸ਼ਰ ਡੇਹੜੇ ਪਉਸੀ ਗੁਲ ਕਹਾਇ॥ ਹੋਸੀ ਕਿਆਮਤ ਦੁਨੀ ਪਰ ਅੰਤ ਨ ਓੜਕ ਤਾਹਿ॥ ਤਦ ਕਾਜ਼ੀ ਮੁਫ਼ਤੀ ਕੋ ਨਹੀ ਕਾਜ਼ੀ ਆਪ ਅਲਾਹਿ॥ ਗ਼ੈਰ ਹਿਸਾਬ ਨ ਹੋਸੀਆ ਰੱਬਾਨੀ ਦਰਗਾਹ॥ ਤਲਬਾਂ ਪਉਸਨ ਆਕੀਆਂ ਕੀਤੋਂ ਜਿਨਾ ਗੁਨਾਹਿ॥ ਓਇ ਪਉਸਨ ਦੋਜ਼ਕ ਹਾਵੀਏ ਗਲ ਸੰਗਲ ਹੋਇ ਸਿਆਹਿ॥ ਨੇਕਾਂ ਅਮਲਾ ਵਾਲੜੇ ਦੇਖਸਨ ਪਾਕ ਅਉਰਾਇ॥ ਬਦ ਅਮਲੀ ਬਦ ਮਾਮਲੀ ਸੇ ਹੋਸਨ ਅੰਤ ਫ਼ਨਾਹਿ॥ ਅਮਲੀ ਸੋਫ਼ੀ ਉਤ ਦਿਹਿ ਮਿਲ ਕਰਸਨ ਬੈਠ ਸਲਾਹਿ॥ ਹੋਰ ਨ ਹੋਸੀ ਪਾਸ ਕੋ ਇਕ ਹੋਈ ਅਲਹ ਗੁਆਹਿ॥ ਅਮਰ ਹਯਾਤੀ ਭਿਸਤ ਵਿਚ ਪਾਸਨ ਸਚ ਅਲਾਹਿ॥ ਛੁਟਸਨ ਸੇਈ ਨਾਨਕਾ ਮੁਰਸ਼ਦ ਜਿਨਾਂ ਪਨਾਹਿ॥ ਹਦੀਸ॥ ਮੁਸਲਮਾਨ ਕਹਾਵਣ ਮੁਸ਼ਕਲ ਜੇ ਹੋਇ ਤਾਂ ਮੁਸਲਮਾਨ ਕਹਾਵੈ॥ ਅਵਲ ਅਉਲ ਦੀਨ ਕਰਿ ਮਿਠਾ ਮੁਸਲਮਾਨਾ ਮਾਲ ਮੁਸਾਵੈ॥ ਰਬ ਕੀ ਰਜ਼ਾਇ ਮੰਨੈ ਸਿਰ ਊਪਰਿ ਕਰਤਾ ਮੰਨੈ ਆਪ ਗਵਾਵੈ॥ ਹੋਇ ਮੁਸਲਮ ਦੀਨ ਮਹਾਣੇ ਮਰਣ ਕਾ ਭਰਮ ਚਕਾਵੈ॥ ਨਾਨਕ ਸਰਬ ਜੀਆਂ ਮਿਹਰਮਤ ਹੋਵੈ ਤਾਂ ਮੁਸਲਮਾਨ ਕਹਾਵੈ॥ ਆਇਤ॥ ਮਿਹਰ ਮਸੀਤ ਸਿਦਕ ਮੁਸਲਾ ਹਕੁ ਹਲਾਲ ਕੁਰਾਨਿ॥ ਸਰਮ ਸੁੰਨਤ ਸੀਲ ਰੋਜਾ ਹੋਹ ਮੁਸਲਮਾਨ॥ ਕਰਨੀ ਕਾਬਾ ਸਚੁ ਪੀਰ ਕਲਮਾਂ ਕਲਮ ਨਿਮਾਜ॥ ਤਸਬੀ ਸਾਤਿਸ ਭਾਵਸੀ ਨਾਨਕ ਰਖੈ ਲਾਜ॥ ਹਕਿ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥ ਗੁਰ ਪੀਰ ਹਾਮਾ ਤਾਂ ਭਰੇ ਜਾਂ ਮੁਰਦਾਰ ਨ ਖਾਇ॥ ਗਲੀ ਭਿਸਤਿ ਨ ਜਾਈਐ ਛੂਟੈ ਸਚੁ ਕਮਾਇ॥ ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲ ਨ ਜਾਇ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ॥ ਸੂਰਾ॥ ਜਿਨਾ ਸਚਿ ਪਛਾਣਿਆ ਪਉਸਨ ਭਿਸਤੀ ਜਾਇ॥ ਹਕ ਹਲਾਲੀ ਖਾਵਣਾ ਸਚੁ ਤਿਨਾੜੇ ਭਾਇ॥ ਜੋਰ ਨ ਕੀਜੈ ਕਿਸੀ ਪਰ ਉਤਮ ਮਧਿਮ ਨ ਕੋਇ॥ ਹਿੰਦੂ ਮੁਸਲਮਾਨ ਨੋਂ ਦੁਹਾਂ ਨਸੀਹਤ ਹੋਇ॥

ਨਸੀਹਤ ਹਿੰਦੂਆਂ॥ ਦਇਆ ਕਪਾਹਿ ਸੰਤੋਖ ਸੂਤ ਜਤ ਗੰਢੀ ਸਤਵਟ॥ ਏਹੁ ਜਨੇਊ ਜੀਅ ਕਾ ਹਈ ਤ ਪਾਂਡੇ ਘਤ॥ ਨਾਇ ਹੁ ਤੁਟੈ ਨ ਮਲ ਲਗੈ ਨਾ ਇਹੁ ਜਲੈ ਨ ਜਾਇ॥ ਧੰਨ ਸੁ ਮਾਣਸ ਨਾਨਕਾ ਜੋ ਗਲ ਚਲੇ ਪਾਇ॥ ਹਦੀਸ॥ ਚਉਕੜਿ ਮੁਲ ਅਣਾਇਆ ਬਹਿ ਚਉਕੈ ਪਾਇਆ॥ ਸਿਖਾ ਕੰਨ ਚੜਾਈਆ ਗੁਰੁ ਬ੍ਰਹਮਣ ਥੀਆ॥ ਓਹ ਮੁਆ ਓਹ ਝੜ ਪਇਆ ਵੇਤਗਾ ਗਇਆ॥ ਆਇਤ॥ ਲਖ ਚੋਰੀਆਂ ਲਖ ਜਾਰੀਆਂ ਲਖ ਕੂੜੀਆਂ ਲਖ ਗਾਲ॥ ਲਖ ਠਗੀਆਂ ਪਹਿ ਨਾਮੀਆਂ ਰਾਤ ਦਿਸ ਜੀਅ ਨਾਲ॥ ਤਗ ਕਪਾਹਹੁ ਕਤੀਏ ਬਾਮਣ ਵਟੇ ਆਇ॥ ਕੁਹ ਬਕਰਾ ਰਿਨ ਖਾਇਆ ਸਭ ਕੋ ਆਖੈ ਪਾਇ॥ ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰ॥ ਨਾਨਕ ਤਗ ਨ ਤੁਟਈ ਤੇ ਤਗੈ ਹੋਵੈ ਜੋਰ॥ ਨਾਇ ਮੰਨਿਐ ਪਤ ਊਪਜੈ ਸਾਲਾਹੀ ਸਚ ਸੂਤ॥ ਦਰਗਹ ਅੰਦਰ ਪਾਈਐ ਤਗ ਨ ਤੂਟਸ ਪੂਤ॥ ਤਗੁਨ ਇੰਦ੍ਰੀ ਤਗ ਨ ਨਾਰੀ॥ ਭਲਕੇ

ਥੁਕ ਪਵੈ ਨਿਤ ਦਾੜੀ॥ ਤਗੁਨ ਪੈਰੀ ਪਗੁ ਨ ਹਥੀ॥ ਤਗੁਨ ਜਿਹਵਾ ਤਗੁਨ ਅਖੀ॥ ਵੇਤਗਾ ਆਪੇ ਵਤੈ॥ ਵਟਧਾਗੇ ਅਵਰਾਂ ਘਤੈ॥ ਲੈ ਭਾੜ ਕਰੇ ਵੀ ਆਹੁ॥ ਕਢਿ ਕਾਗਲ ਦਸੇ ਰਾਹੁ॥ ਸੁਣ ਵੇਖਹੁ ਲੋਕਾਂ ਏਹੋ ਵਿਡਾਣ॥ ਮਨ ਅੰਧਾ ਨਾਉਂ ਸੁਜਾਣ॥ ਜੇ ਮੋਹਾ ਕਾ ਘਰ ਮੁਹੈ ਘਰ ਮੁਹਿ ਪਿਤਰੀ ਦੇਇ। ਅਗੈ ਵਸਤ ਸਿਵਾਣੀਐ ਪਿਤਰੀ ਚੋਰ ਕਰੇਇ॥ ਵਢੀਅਹਿ ਹਥ ਦਲਾਲ ਦੇ ਮੁਸਫੀ ਏਹ ਕਰੇਇ॥ ਨਾਨਕ ਅਗੈ ਸੋ ਮਿਲੈ ਜਿ ਖਟੈ ਘਾਲੈ ਦੇਇ॥ ਤੁਗ ਨ ਹਿੰਦੂ ਪਾਇਆਂ ਤਗੁਨ ਮੁਸਲਮਾਨ॥ ਦੋਵੈ ਭੂਲੇਰਾ ਹਿਤੇ ਗਾਲਬ ਭਯਾ ਸ਼ੈਤਾਨ॥ ਹਿੰਦੂ ਸੰਗਲ ਸੂਤ ਦਾ ਤਿਸਕਾ ਭਉ ਨਹੀ ਕੋਇ॥ ਭਾਵੈ ਬੈਠੇ ਚੌਕ ਵਿਚ ਭਾਵੈ ਬਾਹਰ ਹੋਇ॥ ਹਿੰਦੂ ਬਧਾ ਸੂਤ ਸਿਉ ਤਿਨਕਉ ਛੁਟਨ ਅਸਾਨ॥ ਤ੍ਰਿਕਲ ਸੰਗਲ ਸ਼ਰੇਦਾ ਛੁਟੇ ਨ ਮੁਸਲਮਾਨ॥ ਕੰਧੀ ਜਿਉ ਦਰਯਾ ਦੀ ਦੀਨ ਕਿਨਾਰੇ ਦੇਇ॥ ਆਪੋ ਆਪਣੇ ਦੀਨ ਵਿਚ ਬਧੇ ਦਿਸਨ ਦੋਇ॥ ਹਿੰਦੂ ਬੰਧਨ ਜੇ ਕਟੇ ਕੋਇ ਨ ਸਕੇ ਹੋੜ॥ ਬੰਧਨ ਕਟੇ ਤੁਰਕਜੇ ਮਾਰ ਪਿੰਡ ਅਦੋੜ॥ ਬੰਧਨ ਚੰਗਾ ਸੂਤ ਦਾ ਤੁਟੇ ਪਾਈਐ ਹੋਰ॥ ਜੇ ਬੰਧਨ ਤੁਟੇ ਤੁਰਕ ਦਾ ਤਾਂ ਕਾਫ਼ਰ ਹੋਇ ਨਕੋਰ॥ ਕਰਮੀ ਬਧੇ ਜੇ ਮਰਣ ਕਰ ਫਿਰਿ ਫਿਰਿ ਆਵਹਿ ਜਾਹਿ॥ ਖੁਲ੍ਹੇ ਬੰਧਨ ਜੇ ਮਰਣ ਫਿਰਿ ਜਨਮ ਨ ਮਰਨਾ ਤਾਹਿ॥ ਸੁੰਨਤ ਹਿੰਦੂ ਤੁਰਕ ਦੀ ਕਾਨੇ ਸੁਣੀਐ ਦੋਇ॥ ਸੁੰਨਤ ਬਾਝੋਂ ਜੀਵਣਾ ਹਿੰਦੂ ਤੁਰਕ ਨ ਕੋਇ॥ ਆਲਤ ਕਟੀਐ ਤੁਰਕ ਦੀ ਹਿੰਦ ਗੋਸ਼ ਛਿਦਾਇ॥ ਜ਼ਰਬ ਲਗਾਵਣਿ ਆਪਣੀ ਨਿਆਰਾ ਰਹਿਆ ਖ਼ੁਦਾਇ॥ ਹਿੰਦੁ ਮੁਸਲਮਾਨ ਦੋਇ ਦਰਗਹਿ ਲਹਨਿ ਨ ਜਾਇ॥ ਫੇਲ ਫ਼ਕਰ ਜਹਾਨ ਵਿਚ ਹਿੰਦੂ ਤੁਰਕ ਕਹਾਇ॥ ਕਲਜੁਗ ਵਿੱਚ ਮਨਸੂਖ ਹੈਨ ਹਿੰਦੂ ਮੁਸਲਮਾਨ॥ ਤੀਜਾ ਦੀਨ ਚਲਾਇਆ ਮੁਸ਼ਕਲ ਥੀਆ ਅਸਾਨ॥

ਸੁਆਲ ਕਾਜ਼ੀ ਰੁਕਨਦੀਨ ਸੂਰਾ ॥ ਰੁਕਨਲ ਆਖੈ ਨਾਨਕਾ ਸੱਚ ਕਤੇਬ ਕੁਰਾਨ॥ ਤ੍ਰੈ ਕਤੇਬ ਮਨਸੂਖ਼ ਕਰ ਚੌਥਾ ਮਨ ਫੁਰਕਾਨ॥ ਹੁਕਮ ਨ ਚੱਲੇ ਤ੍ਰਿਹਾਂ ਦਾ ਮਨਨ ਮੁਸਲਮਾਨ॥ ਏਕਾ ਏਕੀ ਹੋਇ ਰਹੈ ਸਾਬਤ ਰਖ ਈਮਾਨ॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੈ ਰੁਕਨਦੀਨ ਪੜਕੇ ਦੇਖ ਕਿਤਾਬ॥ ਚਾਰ ਕਿਤੇਬਾਂ ਚਾਰ ਜੁਗ ਚਹੁ ਮਜ਼ਹਬ ਵਿਚ ਆਪ॥ ਚਾਰ ਕਤੇਬਾਂ ਚਹੁ ਜੁਗੀ ਵਰਤਹਿ ਆਦਿ ਜੁਗਾਦਿ॥ ਤ੍ਰੈ ਰੱਚੀਆਂ ਤੁਹਿ ਰੁਕਨਦੀਨ ਤਿਸਤੇ ਲਗਹਿ ਅਜ਼ਾਬ॥ ਮੰਨ ਅਲਹ ਦੇ ਕਉਲਿ ਨੋਂ ਮੰਨ ਕਤੇਬਾਂ ਚਾਰ॥ ਅਰਬਾ ਨਾਸਰ ਮੰਨ ਤੂੰ ਜੋ ਚਾਰ ਅਲਹ ਦੇ ਯਾਰ॥ ਚਾਰੇ ਕਉਲ ਖ਼ੁਦਾਇ ਦੇ ਚਾਰੋਂ ਮਜ਼ਹਬ ਏਕ॥ ਚਉਹਾਂ ਵਿੱਚ ਖ਼ੁਦਾਇ ਹੈ ਏਕਾ ਏਕੀ ਵੇਖ॥ ਬ੍ਰਹਮਨ ਛੱਤ੍ਰੀ ਵੈਸ਼ ਸ਼ੂਦਰ ਚਾਰੋਂ ਵਰਨ ਪਛਾਣ॥ ਆਪੋ ਆਪਣੀ ਨਉਬਤੀ ਚਲੇ ਬਜਾਏ ਨੀਸਾਨ॥ ਚਾਰੇ ਜਾਗੇ ਚਹੁ ਜੁਗੀ ਚਹੁਆਂ ਚਲਾਏ ਰਾਹ॥ ਚਾਰੇ ਵੇਖ ਜਹਾਨ ਵਿਚ ਰਖ ਈਮਾਨ ਖ਼ੁਦਾਇ॥ ਖ਼ੁਦੀ ਨ ਕਿਸੇ ਮੇਟੀਆ ਕਰਦੇ ਖਿੱਚੋਤਾਣ॥ ਆੜਾ ਗੋੜੀ ਨਿਤ ਕਰਹਿ ਹਿੰਦੂ ਮੁਸਲਮਾਂਨ॥ ਕਾਦਰ ਕਿਨੇ ਨ ਦੇਖਿਆ ਕੁਦਰਤਿ ਗਰਬ ਗੁਮਾਨ॥ ਦਾਵੇ ਉਤੇ ਲੜ ਮਰਹਿ ਪੜ੍ਹਨ ਕੁਰਾਨ ਪੁਰਾਨ॥ ਕੇਤੇ ਲਖ ਪੈਕੰਬਰਾ ਉਮੱਤ ਲਖ ਅਲੋਇ॥ ਕਲਮਾਂ ਇਕ ਖ਼ੁਦਾਇ ਹੈ ਦੂਜੀ ਦਰੋਗ਼ ਬਗੋਇ॥ ਵਾਹਿਦੇ ਲਾਸ਼ਰੀਕ ਹੈ ਪੰਜ ਤਨ ਪਾਕ ਖ਼ੁਦਾਇ॥ ਨਾਹਿ ਨਮੂਨਾ ਜਿਸਦਾ ਬੇ ਚਗੂਨ ਕਹਾਇ॥ ਕਿਸੇ ਨਾਲ ਨਾ ਬੋਲਦਾ ਦੂਆ ਹੋਆ ਨ ਹੋਇ॥ ਨਾਨਕ ਆਖੇ ਰੁਕਨਦੀਨ ਅੱਲਹ ਯਾਰ ਨ ਕੋਇ॥ ਚਾਰੋਂ ਯਾਰ ਖੁਦਇ ਦੇ ਅਰਬਾ ਨਾਸਰ ਭਾਲ॥ ਬਾਦੀ ਆਬੀ ਆਤਸ਼ੀ ਖ਼ਾਕ ਨਿਮਾਣੀ ਨਾਲ॥ ਪੰਜਵਾਂ ਰੂਹ ਮਿਲਾਇਕੇ ਹੋਇ ਪੰਜ ਤਨ ਖਾਕ॥ ਚੰਹੁ ਤੇ ਬਾਹਰ ਜੋ ਰਹੈ ਤਿਨਾਂ ਕਹੋ ਨਾਪਾਕ॥ ਇਕਨਾਂ ਮਸ਼ਰਕ ਥਾਪਿਆ ਇਕਨਾਂ ਮੰਨਿਆ ਗਰੂਬ॥ ਇਕ

ਜਨੂਬ ਮਨਾਇਦੇ ਰਹੀ ਸ਼ਮਾਲ ਦਰੂਦ॥ ਤ੍ਰੈਏ ਕੁੰਡਾਂ ਭਾਲੀਆਂ ਤ੍ਰੈਏ ਸੋਧੇ ਭੇਦ॥ ਤਉਰੇਤ ਅੰਜੀਲ ਜ਼ਬੂਰ ਤ੍ਰੈ ਪੜ੍ਹਸੁਣ ਡਿੱਠੇ ਵੇਦ॥ ਰਹਿਆ ਫ਼ੁਰਕਾਨ ਕਤੇਬੜੇ ਕਲਜੁਗ ਮਹਿ ਪਰਵਾਣ॥ ਮਤਲਬ ਦੁਹਾਂ ਨ ਪਾਇਆ ਹਿੰਦੂ ਮੁਸਲਮਾਨ॥ ਜਿਸ ਗੁਣ ਦੇਹਿ ਨ ਪਾਇਸੀ ਜਿਸ ਕਉ ਭਇਆ ਨਸੀਬ॥ ਨਾਨਕ ਕਲਜੁਗ ਤਾਰਨੇ ਪਰਗਟ ਭਇਆ ਰਸੀਦ॥ ਬੇਦ ਅਤਰਬਣ ਬਾਹਰੇ ਜੇ ਕੋ ਕਰਮ ਕਰੇ॥ ਤਿਸ ਪਰ ਗਜ਼ਬ ਸ਼ੈਤਾਨ ਦਾ ਰਬ ਨ ਢੋਈ ਦੇਇ॥ ਨਾਹਿ ਸੈ ਗੋਤ੍ਰੀ ਤਰਪਣੇ ਰੋਜ਼ਾ ਨਾਹਿ ਨਿਮਾਜ਼॥ ਅਮਲਾਂ ਬਾਝੋਂ ਮੋਮਨੋ ਦੋਜ਼ਕ ਦੁਨੀ ਅਜਾਬ॥ ਦੋਜ਼ਕ ਦੁਨੀਆ ਕਾਰਨੇ ਅਹਿਨਿਸ ਫਿਰਹਿ ਰੰਜੂਲ॥ ਕਰਮ ਨਿਮਾਜ਼ਾਂ ਬਹੁ ਕਰੈ ਪਵੈ ਨ ਕਾਇ ਕਬੂਲ॥ ਦੁਖੀ ਦੁਨੀ ਸਹੇੜੀਐ ਜਾਇ ਤਲਗਹ ਦੁਖ॥ ਨਾਨਕ ਸੱਚੇ ਨਾਮ ਬਿਨ ਕਿਸੈ ਨ ਲੱਥੀ ਭੁਖ॥ ਦੂਜੀ ਦੁਨੀਆ ਕੁਫ਼ਰ ਹੈ ਅੰਦਰ ਰਖਹਿ ਛਪਾਇ॥ ਸਚ ਇਸਲਾਮ ਖ਼ੁਦਾਇ ਹੈ ਕੂਕਨ ਬਾਂਗ ਅਲਾਇ॥ ਕੂਕਨ ਢੋਲ ਵਜਾਇਕੇ ਰਬਾਬ ਮਿਰਦੰਗਾਂ ਨਾਲ॥ ਨਚ ਨਚ ਨਾਮ ਪੁਕਾਰਦੇ ਦੇ ਦੇ ਪੂਰਹਿ ਤਾਲ॥ ਕੂਕਨ ਜੱਲੀ ਪਾਇਕੇ ਹਿੰਦੂ ਮੁਸਲਮਾਨ॥ ਰਬ ਨਾ ਸੁਣਦਾ ਇਕ ਗਲ ਝਖ ਝਖ ਮੁਏ ਅਜਾਣ॥ ਕਾਫਰਾਂ ਝੂਠੀ ਬੰਦਗੀ ਬੁਰਿਆਈ ਕਰਮ ਨਿਮਾਜ਼॥ ਸੱਚੇ ਮਾਰਹਿ ਝੂਠ ਪਰ ਕਾਜ਼ੀ ਕਰਹਿ ਅਕਾਜ॥ ਦੀਨ ਗਵਾਯਾ ਦੁਨੀ ਸਿਉਂ ਦੁਨੀ ਨ ਚਾਲੀ ਸਾਥ॥ ਦੁਨੀਆ ਦੋਜ਼ਕ ਜਲਮੁਈ ਭਈ ਅੰਸਖ ਨਪਾਕ॥ ਸ਼ਰਾ ਸ਼ਰੀਯਤ ਸੋਧਕੇ ਹਰਾਮ ਹਲਾਲ ਪਛਾਣ॥ ਕਰੋ ਅਦਾਲਤ ਸੱਚ ਕੀ ਰਾਹ ਸ਼ਰੀਯਤ ਮਾਨ॥ ਪਾਈਐ ਰਾਹ ਸ਼ਰੀਯਤੇ ਤਰਕੇ ਅਮਲ ਬਿਕਾਰ॥ ਪਹੁਚੇ ਹਕ ਹਕੀਕਤੇ ਮਾਰਫ਼ਤੀ ਮਨ ਮਾਰ॥ ਮਨ ਮੂਆ ਆਲਮ ਮੂੰਆ ਚਾਹਿ ਅਚਾਹਿ ਮਰ ਜਾਇ॥ ਹੁਕਮ ਪਛਾਣੈ ਰੱਬ ਦਾ ਸਚੈ ਮਹਲਿ ਸਮਾਇ॥ ਸਚ ਪੁਰਾਨਾ ਨਾ ਥੀਐ ਨਾਮ ਨ ਮੈਲਾ ਹੋਇ॥ ਸਚੋ ਓਰੈ ਸਭ ਕੋ ਸਭਥੱਕਿ ਰਹੀ ਖਲੋਇ॥ ਸੁਣੀਐ ਕਾਜ਼ੀ ਰੁਕਨਦੀਨ ਪੜ੍ਹਕੇ ਵੇਖ ਕੁਰਾਨ॥ ਇੱਕੋ ਰੂਹ ਅਮਾਨਤੀ ਜੇ ਸਾਬਤ ਰਖੇ ਈਮਾਨ॥ ਏਥੈ ਓਥੈ ਦੋਹੀਂ ਜਗ ਥਾਪੇ ਦੋਇ ਜਹਾਨ॥ ਐਥੇ ਦੇਇ ਓਥੈ ਲੈ ਗੱਲਾਂ ਹੋਰ ਸ਼ੈਤਾਂਨ॥ ਜੇਹਾ ਬੀਜੇ ਸੋ ਲੁਣੈ ਜੋ ਖੱਟੇ ਸੋ ਖਾਇ। ਅਮਲੀ ਆਪੋ ਆਪਣੀ ਲੇਖੇ ਮਿਲੇ ਸਜਾਇ॥ ਮਿੱਟੀ ਮੁਸਲਮਾਨ ਕੀ ਪੇੜੈ ਪਈ ਕੰਭਾਰ॥ ਘੜਿਭਾਂਡੇ ਇੱਟਾਂ ਕੀਆਂ ਜਲਦੀ ਕਰੇ ਪੁਕਾਰ॥ ਜਲ ਜਲ ਰੋਵੈ ਬਪੁੜੀ ਝੜ ਝੜ ਪਵਹਿ ਅੰਗਾਰ॥ ਨਾਨਕ ਜਿਨ ਕਰਤੇ ਕਾਰਨ ਕੀਆ ਸੋ ਜਾਣੈ ਕਰਤਾਰ॥ ਅੱਵਲ ਦੁਸ਼ਮਨ ਨਫ਼ਸ ਹੈ ਦੂਜਾ ਹੈ ਸ਼ੈਤਾਨ॥ ਤੀਜਾ ਦੁਸ਼ਮਨ ਦੁਨੀ ਹੈ ਕਰਦੀ ਗਰਬ ਗੁਮਾਨ॥ ਚਉਥਾ ਦੁਸ਼ਮਨ ਖ਼ਾਬ ਹੈ ਜਪਣ ਨ ਦੇਂਦੀ ਨਾਮ॥ ਪੰਜਵਾਂ ਦੁਸ਼ਮਨ ਕੋੜਮਾ ਜਿਸ ਸੇਤੀ ਗ਼ਲਤਾਨ॥ ਛੇਵਾਂ ਦੁਸ਼ਮਨ ਤਾਮ ਹੈ ਜਿਸ ਬਾਝੋਂ ਹੈਰਾਨ॥ ਨਾਨਕ ਏਤੇ ਵੈਰੀ ਹੁੰਦੇ ਸੋ ਕਿਉਂਕਰ ਰਹੇ ਈਮਾਨ॥ ਸਾਬਤ ਰੱਖਨ ਰੂਹ ਨੋਂ ਤਉ ਸਾਬਤ ਈਮਾਨ॥ ਓਇ ਹੋਨ ਮੁਸੱਲਮ ਕਿਆਮਤੀ ਤਉਹੀ ਮੁਸਲਮਾਨ॥ ਪੰਜ ਹਵਾਸ ਖ਼ਵੀਸ ਹੈਨ ਸਾਬਤ ਕਰਨ ਨ ਦੀਨ॥ ਰੂਹ ਨ ਕਾਇਮ ਲੈ ਉਡਨ ਅਮਲਾਂ ਬਾਝੂ ਹੀਨ॥ ਸਾਹਿਬ ਕਾ ਫ਼ਰਮਾਇਆ ਲਿਖਿਆ ਵਿੱਚ ਕਿਤਾਬ॥ ਬਿਨਾਂ ਇਬਾਦਤ ਬੰਦਗੀ ਹੋਰ ਅਮਲ ਸ਼ੈਤਾਨ॥ ਨਾਨਕ ਨਾਉਂਖਦਾਇ ਦਾ ਦਿਲ ਹੱਛੇ ਮੁਖਲੇਇ॥ ਅਵਰ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਇ॥ ਖ਼ਾਕੀ ਬੁਤ ਬਣਾਇਆ ਖ਼ਾਕੇ ਮਿਲਸੀ ਜਾਇ॥ ਜੀਵਤ ਖ਼ਾਕੀ ਹੋਇ ਰਹੈ ਫਿਰ ਖ਼ਾਕ ਨ ਤਿਸੈ ਖਾਇ॥ ਕੇ ਲੈ ਆਯੋ ਮੋਮਨੋਂ ਫਿਰ ਤੂੰ ਕੇ ਲੈ ਜਾਇ॥ ਥੋਰੇ ਜੀਵਣ ਕਾਰਣੇ ਬੁਰੇ ਨ ਅਮਲ ਕਮਾਇ॥ ਨਾਨਕ ਦੁਨੀਆ ਭਸੁ ਰੰਗ ਭਸੂ ਹੂ ਭਸ ਖੇਹ॥ ਭਸੋ ਭਸ ਕਮਾਈਐ ਭੀ ਭਸ ਭਰੀਐ ਦੇਹ॥ ਜਾ ਰੂਹ ਵਿੱਚੋਂ ਕਢੀਐ ਭਸੂ ਭਰਿਆ ਜਾਇ॥ ਆਗੈ ਲੇਖੈ ਮੰਗਿਐ ਹੋਰ ਦਸੂਣੀ ਪਾਇ॥੮॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਆਖੈ ਰੁਕਨਲ ਨਾਨਕਾ ਲਿਖਿਆ ਵਿੱਚ ਕੁਰਾਨ॥ ਆਇਆ ਮਹੰਮਦ ਮੁਸਤਫ਼ਾ ਖ਼ਾਸਾ ਮੁਸਲਮਾਨ॥ ਜੁੱਸਾ ਧਰ ਉਸ ਪਾਕ ਦਾ ਸਾਯਾ ਉਸ ਨ ਮੂਲ॥ ਸਾਯਾ ਜੁੱਸੀਂ ਸਭਨੀਬਾਝੂ ਪਾਕ ਰਸੂਲ॥ ਨੂਰੀ ਜੁੱਸਾ ਨਬੀ ਦਾ ਮੱਖੀ ਬਹੇ ਨ ਮੂਲ॥ ਕਾਇਮ ਰਹਿਸੀ ਕਿਆਮਤੀ ਸਾਹਿਬ ਨਬੀ ਰਸੂਲ॥ ਦੁਨੀਆਂ ਅੰਦਰ ਆਇਆ ਦੌਰ ਕਿਆਮਤੀ ਮਾਹਿ॥ ਕਲਮਾਂ ਪਾਕ ਸੁਨਾਇਆ ਉਮਤੀ ਭਿਸਤ ਕਰਾਹਿ॥੯॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਰੁਕਨਦੀਨ ਨੂਰੀ ਇੱਕ ਖ਼ੁਦਾਇ॥ ਜੁੱਸਾ ਉਸਦਾ ਆਤਸ਼ੀ ਮੱਖੀ ਬਹੇਨ ਕਾਇ॥ ਖ਼ਾਕੀ ਜੁਸਾ ਆਦਮੀ ਸਾਏ ਬਿਨਾਂ ਨ ਕੋਇ॥ ਜਿਨਾਂ ਸਾਯਾ ਰੱਬ ਦਾ ਰਹੇ ਨਿਮਾਨੇ ਹੋਇ॥ ਕਾਇਮ ਨਾਉਂ ਕਿਆਮਤੀ ਜੁੱਸਾ ਰਲਸੀ ਖ਼ਾਕ॥ ਨਾਨਕ ਆਯਾ ਦੁਨੀ ਵਿਚ ਮੁਖੋਂ ਅਲਾਹੇ ਤਾਕ॥ ਕਲਮਾ ਇੱਕੋ ਰੱਬ ਹੈ ਦੂਜਾ ਰਹਿਆ ਨਕੋਇ॥ ਸਿਫ਼ਤੀ ਕਈ ਮਹੰਮਦੀ ਚਲੇ ਸੱਭੇ ਰੋਇ॥ ਕਾਇਮ ਦੇ ਨ ਰਖੀਆ ਜਗ ਵਿੱਚ ਕਿਸੇ ਨ ਮੂਲ॥ ਨਾਉਂ ਇਬਾਦਤ ਬੰਦਗੀ ਰੱਖਿਆ ਨਬੀ ਰਸੂਲ॥ ਜਿਚਰ ਜੁੱਸਾ ਨਬੀ ਦਾ ਕਰੇ ਨ ਉਮਤੀ ਪਤਪ॥ ਕੀਤਾ ਸਫ਼ਰ ਰਸੂਲ ਜਬ ਰਿਹਾ ਸੁਆਲਹਿ ਪਾਕ॥ ਬੋਲਨ ਕੂੜ ਅਮਿੱਤਿਆ ਦੁਨੀਆ ਲਾਲਚ ਭੂਲ॥ ਵਰਜਨ ਸੱਕਨ ਉੱਮਤੀ ਬਾਝੋਂ ਨਬੀ ਰਸੂਲ॥ ਰਹੀ ਕਿਤਾਬ ਅਮਾਨਤੀ ਸਚ ਕਤੇਬ ਕੁਰਾਨ॥ ਨਫ਼ਸੇ ਉੱਮਤੀ ਲਗ ਦੋਜ਼ਕ ਦੁਨੀ ਹਰਾਮ॥ ਪੜ੍ਹਨਾ ਗੁੜ੍ਹਨਾ ਰਹਿ ਗਿਆ ਘੇਰੇ ਦੁਨੀ ਨਪਾਕ॥ ਰੂਹ ਵਿਚ ਦੋਜ਼ਖ ਜਲ ਮੂਆ ਜਲਤ ਪੁਕਾਰੇ ਖ਼ਾਕ॥ ਰੱਖਨ ਜੁੱਸਾ ਪਾਕ ਬਹੁ ਅੰਦਰੋਂ ਮੈਲ ਨ ਜਾਇ॥ ਵਾਤ ਤਿਨਾੜੇ ਕਿਰਬਤੀ ਬਾਝ ਇਬਾਦਤ ਨਾਹਿ॥ ਚਾਰ ਕਤੇਬੀਂ ਇੱਕ ਹੈ ਚਾਰੋਂ ਕਉਲ ਖ਼ੁਦਾਇ॥ ਚਾਰੋਂ ਕਦਮ ਸਵਾਬ ਦੇ ਕਾਜ਼ੀ ਦਿਲ ਵਿਚ ਲਾਇ॥ ਅੱਵਲ ਦੁਨੀ ਮੁਸੱਲਮੀ ਦੂਜੀ ਖ਼ਰਾਇਤ ਜਾਨ॥ ਤੀਜੀ ਨੀਯਤ ਰਾਸ ਕਰ ਹਰਾਮ ਹਲਾਲ ਪਛਾਣ॥ ਚਉਥਾ ਹੋਇ ਮਹਿਮਾਨ ਰਹੁ ਜਨਮ ਮਰਨ ਭਉਡਾਰ॥ ਹੋਇ ਸਵਾਬ ਮੁਸੱਲਮੀ ਜੁਮਲੀ ਉਮੱਤ ਤਾਰ॥ ਚਾਰ ਵਰਨ ਚਾਰ ਮਜ਼ਹਬਾ ਇੱਕੋ ਨੂਰ ਖ਼ੁਦਾਇ॥ ਦੂਜਾ ਹੋਯਾ ਨ ਹੋਇਗਾ ਨਾਨਕ ਸੱਚ ਅਲਾਇ॥ ਨਾਨਕ ਆਖੇ ਰੁਕਨਦੀਨ ਸੱਚਾ ਸੁਣਹੁ ਜਵਾਬ॥ ਚਾਰੋਂ ਕੂਟ ਸਲਾਮ ਕਰ ਤਾਂ ਤੁਹਿ ਹੋਹਿ ਸਵਾਬ॥ ਖ਼ਾਲਕ ਆਦਮ ਸਿਰਜਿਆ ਆਲਮ ਵਡਾ ਕਬੀਰ॥ ਕਾਇਮ ਦਾਇਮ ਕੁਦਰਤੀ ਸਿਰ ਪੀਰਾਂ ਦੇ ਪੀਰ॥ ਤਿਸ ਵਿੱਚ ਆਲਮ ਬਹੁਤ ਹੈ ਆਵੇ ਜਾਇ ਅਨੰਤ॥ ਆਲਮ ਵਡਾ ਸਲਾਮਤੀ ਕੋਇ ਨਜਾਣੈ ਅੰਤ॥ ਆਫ਼ਤਾਬ ਮਹਿਤਾਬ ਦੁਇ ਏਹ ਆਦਮ ਕੇ ਨੇਤ॥ ਇਨਾਂ ਬਾਝ ਨ ਸੁੱਝਈ ਨਾਨਕ ਕਹੇ ਬਿਬੇਕ॥ ਚਰਖ ਫਿਰੇ ਅਸਮਾਨ ਵਿਚ ਰੈਨ ਦਿਵਸ ਕੇ ਮਾਹਿ॥ ਸੱਭੇ ਫਿਰਦੀਆਂ ਉਮਤੀ ਲਖ ਚਉਰਾਸੀ ਆਹਿ॥ ਸਯਦੇ ਕਰੇ ਖ਼ੁਦਾਇ ਨੂੰ ਆਲਮ ਵਡਾ ਕਬੀਰ॥ ਨਿਉਂਦਾ ਚਾਰੋਂ ਕੁੰਟ ਕੋ ਜਾਣਨ ਪੀਰ ਫਕੀਰ॥ ਕਾਇਮ ਕਰਸੀ ਅਰਸ਼ ਹੈ ਕੁਤਬ ਸਤਾਰਾ ਏਕ॥ ਤੂੰ ਭੀ ਕਾਇਮ ਰੁਕਨਦੀਨ ਜੇ ਸਭ ਮਹਿ ਜਾਣਹਿ ਏਕ॥ ਕਰਨ ਨਫ਼ਸ ਸ਼ੈਤਾਨ ਦੇ ਕਸਮਾਂ ਕਰੇ ਹਜ਼ਾਰ॥ ਰੋਜ਼ ਕਿਆਮਤ ਡੇਹੜੈ ਕਰਸਨ ਅਮਲ ਖ਼ੁਆਰ॥ ਵੇਖ ਤਉਰੇਤ ਅੰਜੀਲ ਨੂੰ ਜ਼ੰਬੂਰੇ ਫ਼ੁਰਕਾਨ॥ ਏਹੇ ਚਾਰ ਕਤੇਬ ਹੈਨ ਨਾਲ ਪੁਰਾਨ ਕੁਰਾਨ॥ ਝੂਠੀ ਕਸਮ ਕਤੇਬ ਦੀ ਕਰਹੁ ਨ ਕੋਇ ਕਬੂਲ॥ ਐਸੀ ਰਹਿਨੀ ਜੋ ਰਹੈ ਸਾਈ ਪਾਕ ਰਸੂਲ॥ ਖਾਵਣ ਕਸਮ ਕੁਰਾਨ ਦੀ ਕਾਰਨ ਦੁਨੀ ਹਰਾਮ॥ ਆਤਸ਼ ਅੰਦਰ ਸਾੜੀਅਨ ਆਖੇ ਨਬੀ ਕਲਾਮ ॥੧●॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਸੁਣਹੁ ਨਾਨਕ ਹਿੰਦੂਆ ਆਖੀ ਰੁਕਨਲਦੀਨ॥ ਆਯਾ ਮਹੰਮਦ ਮੁਸਤਫ਼ਾ ਸਾਬਤ ਕਰਨ ਯਕੀਨ॥ ਸਾਬਤ ਕੀਤੋਸ ਦੀਨ ਨੋਂ ਪੜ੍ਹਕਰ ਕਲਮਾਂ ਪਾਕ॥ ਕਾਫ਼ਰ ਸਾਬਤ ਨਾਂ

ਥੀਏ ਵਿਚ ਆਤਸ਼ ਜਲਨ ਨਾ ਪਾਕ॥ ਹੂਰਾਂ ਪਰੀਆਂ ਭਿਸਤ ਤੇ ਹੋਇ ਨ ਉਹ ਮਹਰੂਮ॥ ਪਉਸਨ ਦੋਜ਼ਕ ਹਾਵੀਏ ਸੁਣ ਸੀ ਨਬੀ ਨ ਧਰੂਮ॥ ਮੁਸਲਮਾਨੀ ਪਾਕ ਹੈ ਪੜ੍ਹਨ ਕਤੇਬ ਕੁਰਾਨ॥ ਕਰਨ ਨਮਾਜ਼ਾਂ ਰੋਜ਼ੜੇ ਦੋਜ਼ਕ ਤਿਨਾਂ ਹਰਾਮ॥੧੧॥

ਜਵਾਬ ਨਾਨਕ ਸ਼ਾਹ ਸੂਰਾ॥ ਆਖੀ ਨਾਨਕ ਰੁਕਨਦੀਨ ਸੱਚੇ ਸੁਣਹੁ ਜਵਾਬ॥ ਕਈ ਮਹੰਮਦ ਮੁਸਤਫ਼ਾ ਮੋਏ ਵਿੱਚ ਅਜ਼ਾਬ॥ ਸਾਬਤ ਦੀਨ ਨ ਕਰ ਸਕਿਆ ਮਰ ਮਰ ਹੋਏ ਖ਼ਾਕ॥ ਖ਼ਾਕੂ  ਫੇਰ ਜਲਾਈਆਂ ਘੜ ਘੜ ਭਾਂਡੇ ਪਾਕ॥ ਇਕਨਾਂ ਦੁਧ ਸਮਾਈਐ ਇਕਨਾਂ ਵਿਚ ਪੇਸ਼ਾਬ॥ ਗੂਨਾ ਗੂਨ ਨਿਆਮਤੀਂ ਕਈ ਇਲਾਮਤ ਸਾਜ਼॥ ਮਿੱਟੀ ਮੁਸਲਮਾਨ ਦੀ ਵਿਚ ਆਤਸ਼ ਲਹੇ ਅਜ਼ਾਬ॥ ਕਲਮਾ ਰਹਿਆ ਕਿਨਾਰੜੇ ਜਲ ਬਲ ਹੋਏ ਖਾਕ॥ ਆਤਸ਼ ਬਾਝ ਨ ਸੁਧਰੇ ਕੇਤੇ ਨਬੀ ਰਸੂਲ॥ ਜਲਦੇ ਦੋਜ਼ਕ ਹਾਵੀਏ ਤੋਬਾ ਨ ਪਵੇ ਕਬੂਲ॥ ਕਿੱਥੇ ਨਮਾਜ਼ਾ ਰੋਜ਼ੜੇ ਕਿੱਥੇਸ ਭਿਸ਼ਤਾਂ ਹੂਰ॥ ਕਿੱਥੇਸੇ ਪੜ੍ਹਨ ਕੁਰਾਨੜੇ ਜਲ ਬਲ ਹੋਏ ਧੂਰ॥ ਅੱਗੇ ਨ ਮੁਸਲਮਾਨੜੀ ਕਾਫ਼ਰ ਨਾਹਿ ਦਿਸੰਨ॥ ਜਲਦੇ ਦਿੱਸਨ ਦੋਵਰੇ ਖ਼ਾਕੂ ਵਿੱਚ ਮਿਲੰਨ॥ ਖ਼ੁਦੀ ਤਕੱਬਰੀ ਕਰ ਮੂਏ ਸਾਬਤ ਭਇਆ ਨ ਦੀਨ॥ ਦੁਨਿਆਂ ਦੋਜ਼ਕ ਜਲ ਮਰਨ ਸੇ ਕਿਉਕਰ ਰਹੇ ਯਕੀਨ॥ ਲਿਖਿਆ ਦਰ ਦਰਗਾਹ ਦੇ ਇਕਸ ਬਾਝ ਨ ਕੋਇ॥ ਕੇਤੇ ਲੱਖ ਮਹੰਮਦੀ ਢੋਈ ਲਹਿਨ ਨ ਹੋਇ॥ ਰੋਂਦੀ ਡਿੱਠੀ ਏਮਨਾ ਵਾਇ ਮਹੰਮਦਵਾਇ॥ ਬਾਝ ਮਹੰਮਦ ਮੁਸਤਫ਼ਾ ਰੋਵੇ ਹਾਇ ਹਾਇ॥ ਆਈ ਅੰਦਰ ਖਾਬਦੇ ਡਿੱਠੀਅਸੁ ਦਰਗਾਹ ਨੂਰ॥ ਦਿਸ ਨ ਆਇਓ ਮੁਸਤਫ਼ਾ ਰੋਇ ਰੋਇ ਭਈ ਮਨੂਰ॥ ਕੀਤੋ ਸੁ ਫ਼ੇਰ ਅਵਾਜੜਾ ਹਾਇ ਮਹੰਮਦ ਹਾਇ॥ ਮੈਨੂੰ ਦੇਹ ਜਵਾਬ ਪੁੱਤ੍ਰ ਰੋਵੈ ਕਰੇ ਕਹਾਇ॥ ਕੇਤੇ ਲੱਖ ਮਹੰਮਦਾ ਅੱਗੋਂ ਉਠੇ ਪੁਕਾਰ॥ ਕੇਹੜਾ ਪੁੱਛਦੀਏਂ ਮੁਸਤਕਫਾ ਫਿਰਹਿ ਅਸੰਖ ਅਪਾਰ॥ ਓਵਕ ਅੰਤ ਨ ਪਾਈਐ ਕੇਤੇ ਜਬਰਾਈਲ॥ ਸੱਭੇ ਅੰਦਰ ਹੁਕਮ ਦੇ ਕੇਤੇ ਮੇਕਾਈਲ॥ ਕਈ ਅਸੰਖ ਫ਼ਰੇਸ਼ਤੇ ਮਲਕਲ ਮਉਤ ਬਿਅੰਤ॥ ਤਰਸਨ ਸਚ ਅਲਾਹਿ ਤੇ ਰਾਖਸ ਜਿੰਨ ਅਸੰਖ॥ ਡਿੱਠੋਸੁ ਏਹ ਮਸ਼ਾਹਦਾ ਹੋਇ ਰਹੀ ਹੈਰਾਨ॥ ਏਥੇ ਕੋਈ ਨ ਜਾਣਦਾ ਦੁਨੀਆਂ ਫ਼ਾਨੀ ਜਹਾਨ॥ ਹੂਰਾਂ ਭਿਸ਼ਤ ਨ ਦਿੱਸਨੀ ਦੋਜ਼ਕ ਦਿਸੇ ਨ ਕੋਇ॥ ਜੀਵਦਿਆਂ ਦੀ ਸਾਹਿਬੀ ਮੁਇਆਂ ਖ਼ਬਰ ਨ ਹੋਇ॥ ਮੋਏਖ਼ਾਕੂ ਸੰਗ ਮਿਲੇ ਅਰਬਾਂ ਨਾਸਰ ਮਾਂਹਿ॥ ਸੇਭੀ ਫੇਰ ਜਮਾਇਓ ਗੂਨਾ ਗੂਨ ਰੁਆਹਿ॥ ਕੂੜਾ ਦਾਵਾ ਰਹਿ ਗਇਆ ਬਾਦ ਮਰੇ ਸੰਸਾਰ॥ ਹਿੰਦੂ ਮੁਸਲਮਾਨ ਦੁਇ ਜਲ ਬਲ ਹੋਏ ਛਾਰ॥ ਦੂਜਾ ਆਖਣ ਸ਼ੱਕ ਹੈ ਨਾਕੋ ਹੋਆਂ ਨ ਹੋਇ॥ਇੱਕੋ ਪਾਕ ਖ਼ੁਦਾਇ ਹੈ ਰਵਿ ਰਹਿਆ ਸਭ ਲੋਇ॥ ਨਹੀਂ ਮਹੰਮਦ ਮੁਸਤਫ਼ਾ ਨਾਹੀਂ ਕੋ ਅਉਤਾਰ॥ ਨਹੀਂ ਪੀਰ ਪੈਕੰਬਰ ਅਉਲੀਏ ਗ਼ਉਸ ਕੁਤਬ ਸਲਾਰ॥ ਜੀਂਵਦਿਆਂ ਸਭ ਦਿਸਨੀ ਮੁਇਆਂਨ ਦਿੱਸੇ ਕੋਇ॥ ਨਾਨਕ ਬਾਜ਼ੀ ਕੂੜਦੀ ਆਖ਼ਰ ਕੂੜੀ ਹੋਇ॥ ਏਹ ਸਭ ਜੁੱਸੇ ਖ਼ਾਕ ਦੇ ਧਰਤੀ ਅਤੇ ਅਸਮਾਨ॥ ਚਉਦਹ ਤਬਕ ਨ ਰਹਿਸਨੀ ਆਖ਼ਰ ਫ਼ਾਨੀ ਜਾਨ॥ ਬਾਦੀ ਆਬੀ ਆਤਸ਼ੀ ਚਉਥੀ ਖ਼ਾਕੀ ਨਾਲ॥ ਮਰ ਮਰ ਫਿਰ ਫਿਰ ਊਪਜਨ ਜੀਅ ਜੰਤ ਵਸ ਕਾਲ॥ ਏ ਸਭ ਬੰਦੇ ਹੁਕਮ ਦੇ ਹੁਕਮੀ ਆਵਨ ਜਾਨ॥ ਹੁਕਮ ਨ ਬੁਝਨ ਨਾਨਕਾ ਖਪ ਖਪ ਮਰਨ ਅਜਾਨ॥੧੨॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਆਖੀ ਰੁਕਨਲ ਨਾਨਕਾ ਲਿਖਿਆ ਵਿੱਚ ਕੁਰਾਨ॥ ਚਉਦਹ ਤਬਕ ਜਹਾਨ ਵਿਚ ਜਿਮੀਤੇ ਅਸਮਾਨ॥ ਤਿਸ ਵਿਚ ਨੂਰ ਮਹੰਮਦੀ ਰੋਸ਼ਨ ਬਲੇ ਚਰਾਗ਼॥ ਜਿਤੀ ਉੱਮਤ ਨਬੀ ਦੀ ਤਿਨਾਂ ਦੋਜਕ ਆਂਚ ਨ ਲਾਗ॥ ਰਹੇ ਕੁਰਾਨੋਂ ਬਾਹਰੇ ਤਿਨ ਨਬੀ ਨ ਭਰੇ ਸ਼ਫ਼ਾਤ॥ ਓਹ ਪਾਕਾਂ ਵਿਚ ਨ ਲਿਖੀਅਨਿ ਰਹੇ ਸਦਾ ਨਾ ਪਾਕ॥੧੩॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੀ ਰੁਕਨਦੀਨ ਸੱਚੇ ਸੁਣਹੁ ਸੁਆਲ॥ ਅਸਮਾਨਾਂ ਅਸਮਾਂਨ ਲਖ ਲਖ ਪਤਾਲਾਂ ਪਾਤਾਲ॥ ਕੇਤੇ ਨੂਰ ਮਹੰਮਦੀ ਰੌਸ਼ਨ ਬਲੇ ਚਰਾਗ॥ ਜੋ ਲੋੜਦੇ ਦੁਨੀਆਂ ਦਾਵੜੇ ਵਿਚ ਸੜਦੇ ਦੋਜ਼ਕ ਆਗ॥ ਗੂਨਾ ਗੂਨ ਕੁਰਾਨੜੇ ਗੂਨਾਗੂਨ ਰਸੂਲ॥ ਗੂਨਾ ਗੂਨੀ ਉਮੱਤੀ ਬਹਿ ਬਹਿ ਕਰਨ ਮਸੂਲ॥ ਨੂਰ ਮਹੰਮਦ ਕੇਤੜੇ ਪੀਰ ਮਹੰਮਦ ਲੱਖ॥ ਲਖ ਮਹੰਮਦ ਮੁਸਤਫ਼ਾ ਵਿਚ ਹੋਏ ਅੱਖ ਫਰਕ॥ ਨਾਵਾਂ ਥਾਂਵ ਨ ਗਿਣ ਸਕਾਂ ਡਿੱਠੇ ਨਬੀ ਰਸੂਲ॥ ਮਜ਼ਹਬ ਕਈ ਅਸੰਖ ਲੱਖ ਗਿਣੇ ਨ ਜਾਹੀ ਮੂਲ॥ ਮੱਕੇ ਡਿੱਠੇ ਕਈ ਲੱਖ ਲੱਖ ਮਦੀਨੇ ਨਾਲ॥ ਹਾਜੀ ਕਈ ਅਸੰਖ ਲੱਖ ਲੱਖ ਗੂਨਾਗੂਨ ਸੰਭਾਲ॥ ਬੇਦ ਬਿਆਸ ਅਸੰਖ ਲੱਖ ਕਰਦੇ ਬੇਦ ਬੀਚਾਰ॥ ਇਕਸੇ ਇਕਸੇ ਤਬਕ ਵਿਚ ਕਈ ਅਸੰਖ ਅਉਤਾਰ॥ ਲੱਖ ਅਸੰਖਾਂ ਤਬਕ ਵਿਚ ਕੇਤੜਿਆ ਅਵਤਾਰ॥ ਪੀਰ ਪੈਕੰਬਰ ਕੇਤੜੇ ਗ਼ਉਸ ਕੁਤਬ ਸਾਲਾਰ॥ ਫਿਰਨ ਤਬਕ ਅਸਮਾਨ ਵਿਚ ਚਸ਼ਮੀ ਦੇਖ ਪਸਾਰ॥ ਉਥੇ ਪਕੰਬਰ ਕਈ ਲਖ ਕਈ ਲਖ ਅਸੰਖ ਅਉਤਾਰ॥ ਫਿਰਦੇ ਰਹਿੰਦੇ ਰੋਜ਼ਭੀ ਹੁਕਮ ਅੱਲਾਦੇ ਨਾਲ॥ ਅਸੰਖ ਅਉਤਾਰ ਪੈਕੰਬਰਾਂ ਫਿਰਦੇ ਹੇਠ ਪਤਾਲ॥ ਰੁਕਨਲ ਕਾਜ਼ੀ ਕੇਤੜੇ ਮੋਨ ਦੀਨ ਮਾਦਾਰ॥ ਹਜ਼ਰਤ ਪੀਰਾਂ ਕੇਤੜੇ ਪੀਰਾਂ ਦੇ ਸਰਦਾਰ॥ ਸ਼ਾਹ ਸ਼ਹੀਦਾਂ ਕੇਤੜੇ ਸਰਬਰ ਅੰਤ ਨ ਪਾਰ॥ ਉਮਰ ਕਿਤਾਬਾਂ ਅਬੂਬ ਕਰ ਜ਼ੇਰ ਅਲੀ ਆਪਾਰ॥ ਡਿੱਟੇ ਲਖ ਅਸਮਾਨ ਮੈਂ ਚਾਰੇ ਯਾਰ ਅਸੰਖ॥ ਨਾਨਕ ਅੰਤ ਨ ਜਾਪਨੀ ਅਲਖ ਅਪਾਰ ਬਿਅੰਤ॥ ਕਈ ਅਸੰਖ ਅਮਾਮ ਹੈ ਸ਼ਾਹਾ ਸ਼ਹਾਬ ਅਨੇਕ॥ ਸਭਨਾਂ ਕੇ ਸਿਰ ਇਕ ਰੱਬ ਅਲਖ ਅਪਾਰ ਅਲੇਖ॥ ਨਾਰਦ ਸਾਦਰ ਕੇਤੜੇ ਬਿਸਵਾ ਮਿਤ੍ਰ ਬਾਸਿਸ਼ਟ॥ ਕਈ ਮਛੰਦ੍ਰ ਗੋਰਖਾ ਕਈ ਅਸੰਖ ਸ੍ਰਿਸ਼ਟ॥ ਚਰਪਰ ਭਰਥਰ ਕੇਤੜੇ ਈਸ਼ਰ ਗੋਪੀ ਚੰਦ॥ ਦੱਤਾਤੇਵ ਅਸੰਖ ਹੈ ਕੇਤੇ ਰਾਮਾਨੰਦ॥ ਸਿਧ ਚਉਰਾਸੀ ਮੰਡਲੀਆਂ ਫਿਰਦੀਆ ਲੱਖ ਓਪਾਰ॥ ਇਹ ਸਭੇ ਮਨਸੁਖ ਹੈਂ ਬਾਝਹੁ ਅਲਖ ਅਪਾਰ॥ ਬੇਦ ਕਤੇਬਾਂ ਕੇਤੜੇ ਬਹਿ ਬਹਿ ਕਰਨ ਵੀਚਾਰ॥ ਗੂਨਾ ਗੂਨ ਨਸੀਹਤਾਂ ਗੂਨਾ ਗੂਨ ਕਰਾਰ॥ ਗੂਨਾਗੂਨ ਪੈਕੰਬਰਾਂ ਗੂਨਾ ਗੂਨ ਕੁਰਾਨ॥ ਗੂਨਾ ਗੂਨ ਰਸਾਲੜੇ ਗੂਨਾ ਗੂਨ ਕਲਾਮ॥ ਕਲਜੁਗ ਨਾਨਕ ਨਿਰਮਲਾ ਪੰਥ ਚਲਾਯਾ ਆਇ॥ ਬੇਦ ਕਤੇਬਾਂ ਬਾਹਿਰਾ ਇੱਕੋ ਜਪਿਆ ਖੁਦਾਇ॥ ਟਿੱਬੇ ਟੋਏ ਦੁਨੀ ਤੋਂ ਕੀਤੇ ਢਾਹਿ ਮੈਦਾਨ॥ ਕੀਤੀ ਹੈ ਮਨਸੁਖ ਸਬ ਸੱਚੀ ਰਚ ਚਉਗਾਨ॥੧੪॥

ਸੁਆਲ ਕਾਜੀ ਰੁਕਨਦੀਨ ਸੂਰਾ॥ ਆਖੀ ਰੁਕਨਲ ਨਾਨਕਾ ਤੁਧ ਵਿਚ ਵਡ ਕਰਾਮਾਤ॥ ਕੀਤੇਨੀ ਮਨਸੁਖ ਸਭ ਬਾਝੋਂ ਅਲਹ ਪਾਕ॥ ਜਿਤੀ ਪਰਦੇ ਦੁਨੀ ਦੇ ਡਿੱਠੇਨੀ ਸਭ ਉਠਾਇ॥ ਕੋਈ ਨ ਕਿਸੇ ਜਾਣਸੀ ਬਾਝੋਂ ਪਾਕ ਅਲ਼ਾਹ॥ ਬਿਨਾ ਖ਼ਲੀਫ਼ੇ ਮੁਰਸ਼ਦੇ ਕੋਇ ਨ ਪਵੈ ਕਬੂਲ॥ ਬਿਨਾਂ ਅਮਾਮ ਪੈਕੰਬਰੇ ਬਾਝੋਂ ਯਾਰ ਰਸੂਲ ॥ ਉਮਤੀ ਥਾਇ ਨ ਪਾਵਨੀ ਬਿਨਾਂ ਰਸੂਲ ਖੁਦਾਇ॥ ਲਿਖਿਆ ਵਿਚ ਕੁਰਾਨ ਦੇ ਜਬਰਾਈਲ ਗੁਆਹਿ।੧੫॥

ਜਵਾਬ ਨਾਨਕ ਸ਼ਾਹਸੂਰਾ॥ ਆਖੀ ਨਾਨਕ ਰੁਕਨਦੀਨ ਇੱਕੋਪਾਕ ਖੁਦਾਇ॥ ਦੂਜੀ ਕੁਦਰਤ ਕੂੜਹੈ ਅਲਹ ਆਪ ਗੁਆਹ॥ ਜਿਚਰ ਕੂੜਨ ਬੁਝਿਆ ਸਿਰ ਪਰ ਮੁਰਸ਼ਦ ਥਾਪ॥ ਮਹਿ ਰਮ ਹੋਇ ਕਲਾਮਦਾ ਖ਼ੁਦੀ ਉਠਾਵਹੁ ਤਾਪ॥ ਕਰੋ ਪਨਾਹ ਖ਼ੁਦਾਇ ਦੀ ਉਮੱਤ ਦੀ ਛਡ ਆਸ॥ ਅਮਲੀ ਆਪੋ ਆਪਣੀ ਨੇਕੀ ਹੌ ਕਿਸਾਸ॥ ਅਮਲੀ ਆਪੋ ਆਪਣੀ ਸਿਰ ਸਿਰ ਹੋਇ ਹਿਸਾਬ॥ ਆਪੇ ਨਬੀ ਰਸੂਲ ਹੈ ਆਪੇ ਹੈ ਇਸਹਾਬ ॥ ਸ਼ਭ ਵਡਿਆਈਆ ਰਬ ਹੱਥ ਦੇ ਕਰ ਫਿਰ ਖਸ ਲੇਇ॥ ਦੁਨੀਆਂ ਕਾਰਨ ਉਮਤੀ ਬਹਿ ਬਹਿ ਮੇਲ ਕਰੇਇ॥ ਦੁਨੀਆਂ ਦਰੋਗ਼ੀ ਵਾਹ ਮੇ ਖ਼ਾਤਰ ਤੇ ਕਰ ਦੂਰ॥ ਮੱਥਾ ਰੱਖ ਜ਼ਮੀਨ ਪਰ ਖਾਤਰ ਰੱਖ ਹਜੂਰ॥

ਏਕਾ ਏਕੀ ਹੋਇ ਰਹੁ ਦੂਜਾ ਸੰਗ ਨਿਵਾਰ॥ ਦੂਜਾ ਸੰਗ ਕੁਸੰਗ ਹੈ ਫ਼ਾਨੀ ਏਹ ਸੰਸਾਰ॥ ਦੁਨੀ ਵਲੇਵੇ ਕਾਰਣੇ ਹਾਰਣ ਅਪਣਾ ਦੀਨ॥ ਛੋਡ ਤਕੱਬਰ ਖੁਦੀ ਕਉ ਪਕੜਹੁ ਪਾਕ ਜ਼ਮੀਨ॥ ਪੰਦ ਨਸੀਹਤ ਹਾਜੀਆਂ ਨਾਨਕ ਕਹੈ ਫ਼ਕੀਰ॥ ਜੋ ਰਾਹ ਸੈਤਾਨੀ ਗੁਮ ਥੀਦੇ ਤਿਨਾ ਗਲੀ ਜ਼ੰਜੀਰ॥ ਆਵਹਿ ਜਾਹ ਭਵਾਈਅਹਿ ਦੋਜ਼ਕ ਲਹੈ ਸਜਾਇ॥ ਲਿਖਿਆ ਵਿਚ ਕਿਤਾਬ ਦੇ ਆਖਿਆ ਪਾਕ ਖੁਦਾਇ॥ ਨੌ ਸੈ ਨਦੀ ਨੜਿੰਨਵੇ ਮਿਲਨ ਸਮੁੰਦਰ ਜਾਇ॥ ਸੱਤ ਸਮੁੰਦਰ ਅਵੇਹਿਆ ਨਦੀਆਂ ਅੰਤ ਨ ਪਾਇ॥ ਪਉਂਦੇ ਵਿਚ ਗੜਾੜ ਦੇ ਬੂੰਦ ਤਿਵੇਂ ਤਪਤਾਇ॥ ਬਲਨ ਤਲੇ ਤਿਨਾਂ ਦੀਆਂ ਹੱਡੀਆਂ ਜੋ ਬੇਅਦਲੀ ਪਾਤਸ਼ਾਹ॥ ਕਾਜ਼ੀ ਮੁਫ਼ਤੀ ਕਾਰ ਕੁਨ ਫ਼ਉਜਦਾਰ ਕੁਟਵਾਲ॥ ਉਮਰੇ ਤੇ ਦੀਵਾਨ ਵਜ਼ੀਰ ਅਮੀਰਾਂ ਨਾਲ॥ ਬਖ਼ਸ਼ੀਏ ਬੂਤਾ ਤੀਏ ਨਾਲੇ ਫ਼ੋਤੇਦਾਰ॥ ਦਾਰੋਗੇ ਮੁਸਤੋਫ਼ੀਆ ਕਰਦੇ ਕੂੜ ਵਾਪਾਰ॥ ਜੋੜਨ ਬਹੁਤ ਜਮਾਇਤੀ ਹੋਇ ਜਮਾਇਤ ਦਾਰ॥ ਖਾਨ ਗਰੀਬਾਂ ਲੁਟਕੇ ਕਰਦੇ ਜੋਰ ਅਫਾਰ॥ ਵਾਟਾਂ ਪਾੜੇ ਚਉਧਰੀ ਮਹਿਰ ਮੁੱਕਦਮ ਕੂੜ॥ ਚੌਕੀਦਾਰ ਪਿਆਦਿਆਂ ਜਲ ਬਲ ਹੋਇ ਧੂੜ॥ ਕੁਟਣੀਆਂ ਹਰਾਮੀਆਂ ਜੋ ਘਰੀਂ ਬਿਗਾਨੀ ਜਾਨ॥ ਵੇਸਵਾ ਅਤੇ ਗਸ਼ਤੀਆਂ ਅਹਿਨਿਸ ਕਰਹਿ ਹਰਾਮ॥ ਚੋਰਾਂ ਯਾਰਾਂ ਚੋਗਲਾਂ ਖਾਵਨ ਲਾਇ ਤਬਾਰ॥ ਲੂਣ ਹਰਾਮੀ ਵਿਸਵਾਸ ਘਾਤ ਦਰਗਹ ਹੋਇ ਖੁਆਰ॥ ਜਲਦੇ ਦੋਜ਼ਖ ਹਾਵੀਏ ਜੋ ਦੇਨ ਗੁਆਹੀ ਕੂੜ ॥ ਘੁਟ ਲੰਘਾਇਣ ਦੁਖਤਰਾਂ ਜਲਦੇ ਡਿੱਠੇ ਪੂਰ॥ ਸੁਣਹੁ ਕਾਜ਼ੀ ਰੁਕਨਦੀਨ ਪੰਧ ਨਸੀਹਤ ਲੇਇ॥ ਛਡਹੁ ਰਾਹ ਸ਼ਿਤਾਨ ਦਾ ਸੱਚ ਹਕੀਕਤ ਏਹ॥ ਬਾਝ ਅਲਹ ਦੀ ਬੰਦਗੀ ਛਡਹੁ ਅਮਲ ਬਿਕਾਰ॥ ਦਰਗਹ ਗਇਆ ਜਾਂਣੀਅਹਿ ਨਾਨਕ ਏਹ ਅਸਾਰ॥ ਕਰਹੁ ਮਸ਼ਕਤ ਜ਼ੋਹਦ ਦੀ ਸੀਸ ਉਠਾਵਹੁ ਭਾਰ॥ ਨਖਿ ਸਿਖ ਪਵੈ ਪਸੀਨੜਾ ਸੇਈ ਕਰਹੁ ਅਹਾਰ॥ ਦਸਵਾਂ ਹਿਸਾ ਵੰਡਕੇ ਰਾਹ ਖੁਦਾਈ ਦੇਹ॥ ਪਾਵਹਿ ਰਾਜ ਬਹਿਸ਼ਤ ਦਾ ਰਾਹ ਹਕੀਕਤ ਏਹ॥ ਸਭੇ ਲੱਜ਼ਤ ਰੋਗ ਹੈਨ ਦੇਹੀ ਨੂੰ ਪੀੜੇਨ॥ ਇਖ ਜਿਵੇਂ ਰਸ ਨਿਕਲੇ ਬਹੁਤ ਸਜਾਈਂ ਦੇਨ॥ ਜਵਾਂ ਦੀ ਖਾਇ ਰੋਟੜੀ ਲੌਂਨ ਨ ਨਾਲ ਰਲਾਇ॥ ਠੰਢਾ ਪਾਣੀ ਪੀਅ ਕੇ ਸਚਾ ਰੱਬ ਧਿਆਇ॥ ਛਡਹੁ ਸਭੇ ਨਿਆਮਤੀਂ ਕਿਆਮਤ ਨੂੰ ਕਰ ਯਾਦ॥ ਜੁੱਸਾ ਉਡਸੀ ਰੂੰਇ ਜਿਉ ਜਿ ਪਲਿਆ ਮਿਟੇ ਸਵਾਦ॥ ਖਾਧਾ ਪੀਤਾ ਨਿਕਲੈ ਜਿਉਂ ਤਿਲ ਘਾਣੀ ਤੇਲ॥ ਰਸਕਸ ਖਾਧੇ ਬਹੁਘਣੇ ਸੰਗ ਕੁਸੰਗੇ ਬੇਲ॥ ਓੜ ਨਿਬਾਹੇ ਕੋਇ ਨਾ ਜੀਂਵਦਿਆਂ ਮਰਿ ਮਾਰ॥ ਦੁਨੀਆਂ ਖੋਟੀ ਰਾਸੜੀ ਮਨਹੁ ਚਿਤਹੁ ਵਿਸਾਰ॥ ਸੁਖਾਂ ਨੌਂ ਢੂੰਢਦਿਆਂ ਡੁਖੜੇ ਹਡ ਪਏ॥ ਡੁਖੇ ਡੁਖ ਵਿਹਾਂਵਦਾ ਸੁਖੜੇ ਨੱਸ ਗਏ॥॥੧੬॥

ਸੁਆਲ ਕਾਜੀ ਰੁਕਨਦੀਨ ਸੂਰਾ॥ ਰੁਕਨਲ ਆਖੈ ਨਾਨਕਾ ਲਖਿਆਂ ਵਿੱਚ ਕੁਰਾਨ॥ ਵਾਲਹੁ ਨਿਕੀ ਪੁਰਸਲਾਤ ਖੰਡਿਓਹੁ ਤ੍ਰਿਖੀ ਜਾਨ॥ ਉਥੈ ਟਿਕੇ ਨ ਭੁਣਭੁਣਾ ਠਹਿਰ ਨ ਸਕਨਿ ਪੈਰ॥ ਮੁਸ਼ਕਲ ਤਿਨਾਂ ਲੰਘਨਾ ਜਿਨਾ ਕਮਾਏ ਵੈਰ॥ ਸਇਰ ਲੋਹੂ ਪੁੰਵਿ ਦਾ ਅਗਨਿ ਚਲੇ ਧੜਿੜਾਇ॥ ਕੰਧੀ ਦਿਸਨ ਆਵਈ ਧਾਹੀਂ ਪਵੈ ਕਹਾਇ॥ ਉਥੈ ਬੇਲੀ ਮਹੰਮਦ ਮੁਸਤਫ਼ਾ ਉਮੱਤ ਪਾਰ ਲੰਘਾਇ॥ ਕਾਫ਼ਰ ਪਾਰ ਨ ਜਾਇਨੀ ਤਪਨ ਤੇ ਵਿਲ ਲਾਇ॥ ਜਿਨਾਂ ਕਲਾਮ ਨ ਜਾਣੀਐ ਸੋ ਖੜੇ ਪੁਕਾਰਨ ਹਾਇ॥ ਤਿਨਾਂ ਭੇਲੀ ਨ ਹੋਵੈ ਮੁਸਤਫ਼ਾ ਲਏ ਨ ਫੇਰ ਛਡਾਇ॥ ਭਰੇ ਸਫ਼ਾਤ ਨ ਤਿਨਾ ਦੀ ਦਰਗਹ ਦੇ ਹਜ਼ੂਰ॥ ਬੇਈਮਾਨ ਕਸੂਮਤੀ ਨਿੱਤ ਕਮਾਵਨ ਕੂਰ ॥੧੭॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੈ ਰੁਕਨਦੀਨ ਮੁਖਤੇ ਸਮਝ ਅਲਾਇ॥ ਜਿਥੈ ਸਾਇਰ ਆਤਸ਼ੀ ਬੇੜੇ ਬਹੁਤ ਮਲਾਇ॥ ਕਈ ਮਹੰਮਦ ਮੁਸਤਫ਼ਾ ਖੜੇ ਲੰਘਾਵਣ ਪੂਰ॥ ਗੂਨਾ ਗੂਨੀ ਉਮੱਤੀ ਕਈ

ਸਚ ਕਈ ਕੂਰ॥ ਪੁਛਨ ਤਿਨਾਂ ਜਗਾਤੀਏ ਜਿਨਾਂ ਕੀਤੇ ਬਹੁਤ ਅਜ਼ਾਬ॥ ਕਈ ਮੁਹਾਣੇ ਮੁਸਤਫ਼ਾ ਸਕਹਿ ਨ ਦੇਹ ਜਵਾਬ॥ ਨੇਕੀ ਬਦੀ ਵੀਚਾਰੀਏ ਮਲਕਤ ਮਉਤ ਹਜ਼ੂਰ॥ ਕਟ ਉਤਾਰੇ ਪੁਰਸਲਾਤ ਜਲ ਬਲ ਹੋਵਨ ਧੂਰ॥ ਮੁਹ ਤੇ ਕਲਮਾ ਆਖਕੇ ਦੁਈ ਦਰੋਗ ਮਿਲਾਇ॥ ਅੱਗੇ ਮਹੰਮਦ ਮੁਸਤਫ਼ਾ ਸਕੇ ਨ ਤਿਨਾਂ ਛੁਡਾਇ॥ ਸਾਹਿਰ ਦੇ ਮਰ ਜੀਂਵਦੇ ਬੇੜਿਆਂ ਦੇ ਮਲਾਹਿ॥ ਜਲਨ ਉਨਾਦੀ ਉਮੱਤੀ ਵਿਚ ਸਾਇਰ ਅਗਨਿ ਅਥਾਹ॥ ਬੇਪੀਰਾਂ ਬੇਮੁਰਸ਼ਦਾਂ ਢੋਈ ਕੋਇ ਨ ਦੇਇ॥ ਰਾਹੇ ਵਿਚ ਫਰੇਸਤੇ ਮਾਲ ਜਗਾਤੀ ਲੇਇ॥ ਬਦੀਆਂ ਤੁੱਲਨ ਨੇਕੀਆਂ ਮੀਜ਼ਾਂ ਕਰਨ ਹਿਸਾਬ॥ ਬਾਕੀ ਜਿਨਾਂ ਦੇਵਣੀ ਹੋਵਨ ਸੇਈ ਖਰਾਬ॥ ਓਹੀ ਫ਼ਿਰ ਖ਼ਾਕੂ ਨਾਲ ਮਿਲਾਈਅਨਿ ਜੰਮਨ ਹੋਇ ਕਪਾਹਿ॥ ਚੁਣ ਚੁਣ ਕਢੀਅਨ ਫ਼ੁੱਟੀਆਂ ਖੂੰਡੀ ਮਿਲੇ ਸਜ਼ਾਇ॥ ਵੇਲਣੇ ਵੇਲ ਵਿਲਾਈਐ ਫਿਰ ਪਿੰਵਨ ਪੀੜਾ ਖਾਇ॥ ਕੱਤਣ ਕੱਤ ਕਤਾਈਐ ਤੰਦੂ ਖੈਂਚ ਕਢਾਇ॥ ਫਿਰ ਅਗਨੀ ਖੁੰਬ ਚੜ੍ਹਾਈਐ ਮੂੰਗਲੀ ਦੱਬ ਕੁਟਾਇ॥ ਕਤਰਣ ਕੈਚੀ ਕਟੀਐ ਸੂਈ ਜੋੜ ਸਵਾਇ॥ ਪਹਿਰਨ ਹੋਇ ਕਜਾਈਐ ਫਿਰ ਤਿਸ ਮੈਲੁ ਖਾਇ॥ ਹੋਇ ਪੁਰਾਨਾ ਸੁਟੀਐ ਅੱਢ ਨ ਮੂਲ ਬਕਾਇ॥ ਕਰਨ ਮਸ਼ਾਲ ਮਸ਼ਾਲਚੀ ਆਤਸ਼ ਨਾਲ ਜਲਾਇ॥ ਜਲ ਬਲ ਰੋਵੈ ਖਾਕੜੀ ਤਪੇਤੇ ਵਿਲਲਾਇ॥ ਸੱਦਹੁ ਮਹੰਮਦ ਮੁਸਤਫ਼ਾ ਲਏ ਕਪਾਹਿ ਛੁਡਾਇ॥ ਇੱਕ ਕਪਾਹਿ ਦੀ ਜੋਨ ਵਿਚ ਏਤੀ ਮਿਲੇ ਸਜ਼ਾਇ॥ ਪੇਂਵੇ ਪਾਇ ਪੀੜਾਈਐ ਕਢੀਐ ਘਾਣੀ ਤੇਲ॥ ਵੱਟੀ ਵੱਟ ਕਪਾਹ ਦੀ ਦੀਵੇ ਅਦੰਰ ਮੇਲ॥ ਇੱਕਾ ਮਿੱਟੀ ਤ੍ਰਿਹਾਂ ਦੀ ਇਉਂ ਜਲਦੇ ਮੁਸਲਮਾਨ॥ ਜਲ ਬਲ ਰੋਵਣ ਬਪੁੜੇ ਫਿਰ ਕੋਇ ਨ ਪੁਛਣ ਆਨਿ॥ ਫਿਰ ਇਸ ਜੋਨਹੁ ਕੱਢਿਆ ਤਿਲ ਹੋਇ ਜੰਮਿਆ ਸੋਇ॥ ਤੇਲੀ ਪੀੜੀਐ ਘਾਣੀਐ ਦੇਦੇ ਦੱਬਾਂ ਰੋਇ॥ ਦੀਵੇ ਪਾਇ ਜਲਾਈਐ ਜਲਜਲ ਮਾਟੀ ਹੋਇ॥ ਸੱਦਹੁ ਮਹੰਮਦ ਮੁਸਤਫ਼ਾ ਤਿਸੇ ਸੁਣੀਏ ਰੋਇ॥ ਤਿਲ ਦੀ ਜੋਨਹੁ ਕੱਢਿਆ ਫਿਰ ਜੰਮਿਆ ਹੋਇ ਕਮਾਦ॥ ਟੋਟੇ ਭੰਨ ਪੀੜਾਈਐ ਲਹਦਾ ਬਹੁਤ ਅਜ਼ਾਬ॥ ਇਖ ਜਿਵੈ ਰਸ ਕੱਢੀਐ ਪਵੈ ਕੜਾਹੇ ਮਾਹਿ॥ ਦੇ ਦੇ ਤਾਉ ਪਕਾਈਐ ਸ਼ੱਕਰ ਖੰਡ ਕਰਾਇ॥ ਖਾਧਿਆਂ ਹੋਵੇ ਕੁੱਵਤੀ ਫੇਰਨ ਛੋਂਹਦਾ ਕੋਇ॥ ਸੱਦਹੁ ਮਹੰਮਦ ਮੁਸਤਫ਼ਾ ਤਿਸੈ ਸੁਣਾਓ ਰੋਇ॥ ਕੇਤੀ ਜੋਨ ਅਵੇਹੀਆਂ ਗਿਣਤੀ ਗਿਣੀ ਨਾ ਜਾਇ॥ ਫਿਰ ਚਉਰਾਸੀ ਭਉਦਿਆਂ ਬਹੁਤੀ ਲਹੈ ਸਜਾਇ॥ ਮਰ ਮਰ ਜੰਮਨ ਫੇਰ ਫਿਰ ਜੋਨੀ ਭਵਹਿ ਅਸੰਖ॥ ਦੁਖ ਸੁਖ ਬਹੁਤ ਕਮਾਂਵਦੇ ਗਣਤਿ ਨ ਗਣੈ ਬਿਅੰਤ॥ ਸੁਨੇ ਨ ਰਾਮ ਰਸੂਲ ਕੋਇ ਰੂਹਾਂ ਦੀ ਫ਼ਰਿਯਾਦ॥ ਦੁਨੀਆ ਅੰਦਰ ਆਇਕੇ ਉਮਰ ਗਵਾਈ ਬਾਦ॥ ਕੂੜੀ ਮਜ਼ਲਸ ਬੈਠ ਕਰ ਕੀਤਸੁ ਕੂੜ ਵਾਪਾਰ॥ ਜਾ ਫਿਰ ਉਠੀ ਚੱਲਿਆ ਲੱਦ ਅਥਰਬਣ ਭਾਰ॥ ਬੰਨ੍ਹ ਚਲਾਯਾ ਅਜ਼ਰਾਈਲ ਸਾਥੀ ਸੰਗ ਨ ਕੋਇ॥ ਲਹੇ ਸਜ਼ਾਈਂ ਅਗਲੀਆਂ ਕਿਸੇ ਸੁਣੋਇ ਰੋਇ॥ ਮਿਲਨ ਸਜਾਈ ਬਹੁਤੀਆਂ ਮਲਕੁਲ ਮੌਤ ਹਜ਼ੂਰ॥ ਲੇਖਾ ਮੰਗਣ ਚਿੱਤ੍ਰ ਗੁਪਤ ਜੋ ਛਿਪ ਕਮਾਇ ਧੂੜ॥ ਪੰਜ ਹਵਾਸ ਬਖੀਲ ਸੰਗ ਤੋਬਹ ਕਰਨ ਪੁਕਾਰ॥ ਅਸੀ ਬੰਦੇ ਹੁਕਮ ਦੇ ਹੁਕਮ ਕਮਾਵਨ ਕਾਰ॥ ਰੂਹ ਕਰੇ ਬਦਫ਼ੈਲ ਬਹੁ ਰੱਖ ਪਨਾਹ ਰਸੂਲ॥ ਲਗੀ ਮਿਲਨ ਸਜ਼ਾਇ ਜਬ ਗਏ ਸੁਸੱਭੇ ਭੂਲ॥ ਰਾਮ ਰਸੂਲ ਨ ਦਿੱਸਨੀ ਲੈਵਨ ਰੂਹ ਛਡਾਇ॥ ਸੱਚ ਜੁ ਸਾਥੀ ਸਭਸ ਦਾ ਮੂੜ੍ਹਨ ਪੱਲੇ ਪਾਇ॥ ਸੱਚ ਸਰੰਦਾ ਪਾਤਸ਼ਾਹ ਆਦਿ ਜੁਗਾਦੀ ਸੋਇ॥ ਹੈਭੀ ਹੋਸੀ ਸੱਚ ਹੈ ਅਵਰ ਨ ਦੂਜਾ ਕੋਇ॥ ਦੂਜੀ ਕਾਰ ਬਿਕਾਰ ਹੈ ਪੂਰੀ ਕਿਸੈ ਨ ਪਾਇ॥ ਨਾਨਕ ਆਖੈ ਰੁਕਨਦੀਨ ਸੱਚਾ ਇੱਕ ਖੁਦਾਇ॥ ਮੁਇਆਂ ਜੀਵੰਦਿਆਂ ਸੰਗ ਸਦਾ ਸਾਈਂ ਸੱਚਾ ਸੋਇ॥ ਸੱਚੇ ਬਾਹਰ ਜੋ ਰਹੇ ਸੋ ਅੰਤ ਚਲੇ ਰੋਇ॥ ਦਰਗਹ ਜ਼ਾਤ ਨ ਜ਼ੋਰ ਹੈ ਅਬੇਥ ਬੇ ਨਹੀਂ ਹੋਇ॥ ਸੱਚੋ ਸੱਚਾ ਨਿਆਉਂ ਹੈ ਕਰਤਾ ਕਰੇ ਸੁਹੋਇ॥ ਨਾਨਕ ਮੁਰਸ਼ਦ ਸੱਚ ਹੈ ਦੇਵੇ ਸੱਚ ਮਿਲਾਇ॥ ਸੱਚੇ

ਮੁਰਸ਼ਦ ਬਾਹਰਾ ਭੰਭਲ ਭੂਸੇ ਖਾਇ॥ ਮਰਦੇ ਮੁਸਲਮਾਨ ਹੋਇ ਰੱਖਨ ਕਬਰ ਬਣਾਇ॥ ਸੈ ਵਰ੍ਹਿਆਂ ਹੋਇ ਖ਼ਾਕੜੀ ਖ਼ਾਕੂ ਸੋਂ ਮਿਲ ਜਾਇ॥ ਫਿਰ ਪਉਂਦੀ ਵੱਸ ਕੁਲਾਲ ਦੇ ਭਾਂਡੇ ਘੜੇ ਬਣਾਇ॥ ਇੱਟਾਂ ਘੜੇ ਬਨਾਇਕੇ ਆਵੀ ਦੇਨ ਚੜਾਇ॥ ਖਾਵਣ ਅਗ ਨਿਤ ਭੱਠਦੀ ਜਲਬਲ ਕਰਨ ਕਹਾਇ॥ ਜਲਬਲ ਰੋਵਣ ਬਪੁੜੇ ਲੋਕਾਂ ਕਿਆ ਪਰਵਾਹਿ॥ ਮਰੇ ਵਿਚਾਰਾ ਹਿਦੰਝੂ ਵਿਚ ਅੱਗੀ ਦੇਨ ਜਲਾਇ॥ ਜਲ ਬਲ ਹੋਵੈ ਭਸਮੜੀ ਪਉਣਾ ਖੜੇ ਉਡਾਇ॥ ਪੜ੍ਹਕੇ ਦੇਖ ਕੁਰਾਨ ਵਿੱਚ ਕਿਸ ਨੂੰ ਵਡੀ ਸਜ਼ਾਇ॥ ਸੋਈ ਕਾਫ਼ਰ ਦੋਜਖ਼ੀ ਜੋ ਬਹੁਤੇ ਖਾਂਦਾ ਤਾਇ॥ ਪਹਿਲਾਂ ਆਤਸ਼ ਸਿਉਂ ਜਲੇ ਫਿਰ ਤਿਨਾਂ ਜਲਾਏ ਕਉਣ॥ ਖ਼ਾਕ ਸਮਾਣੀ ਖ਼ਾਕ ਸਿਉਂ ਪਉਣ ਸਮਾਣੀ ਪਉਣ॥ ਆਬ ਸਮਾਣਾ ਆਬ ਸਿਉਂ ਅਰਬਾਨਾਸਰ ਪਾਕ॥ ਕਿਆਮਤ ਫੇਰ ਉਠਾਸੀਐ ਰੂਹ ਨਿਮਾਣੀ ਖ਼ਾਕ॥ ਜਿਤੀ ਕੀਤੀਆਂ ਖ਼ਾਹਸ਼ਾਂ ਫਿਰ ਲੈ ਉਠਿਆ ਨਾਲ॥ ਕੀਤਾ ਅਪਣਾਂ ਭੋਗਨਾ ਫਿਰਪਾਯਾ ਵੱਸ ਜੰਜਾਲ॥ ਖੇਲੇ ਲੱਖ ਚਉਰਾਸੀਆ ਧਰ ਧਰ ਰੂਪ ਅਨੇਕ॥ ਰੰਗ ਤਮਾਸ਼ੇ ਖੇਲਕੇ ਅੰਤ ਏਕ ਕਾ ਏਕ॥ ਮਿੱਟੀ ਵਿਚ ਬੈਠਾਈਐ ਖਾਸੇ ਮੁਸਲਮਾਨ॥ ਜੋਗੀ ਭੇ ਸੰਨਿਆਸੀਆਂ ਖਟ ਦਰਸਨ ਹਿੰਦਵਾਣ॥ ਪਹਿਲੇ ਖ਼ਾਕੂ ਸੰਗ ਮਿਲਨ ਫਿਰ ਗੰਦੇ ਹੋਇ ਖ਼ਬੀਰ॥ ਧਰਤੀ ਦੇ ਵਿਚ ਪੀੜੀਅਨ ਹੋਵਨ ਬਹੁਤ ਜ਼ਹੀਰ॥ ਇਕ ਦੂ ਰੂਹੋਂ ਲਾਖ ਹੋਨ ਧਰ ਧਰ ਕੀੜੇ ਰੂਪ॥ ਮਰ ਮਰ ਖ਼ਾਕੂ ਸੰਗ ਮਿਲਨ ਕਰ ਕਰ ਰੰਗ ਕਰੂਪ॥ ਸੈ ਵਰ੍ਹਿਆਂ ਵਿੱਚ ਖ਼ਾਕੂ ਹੋਨ ਸਹਿ ਸਹਿ ਵਡੇ ਅਜ਼ਾਬ॥ ਫਿਰ ਪਉਂਦੇ ਵੱਸ ਕਲਾਲ ਦੇ ਭਾਂਡੇ ਘੜੇ ਸ਼ਿਤਾਬ॥ ਭਾਂਡੇ ਇੱਟਾਂ ਬਹੁਤ ਬਿਧ ਜਲਨ ਪਜਾਵੀਂ ਸਾਲ॥ ਜਲਜਲ ਕਰਦੇ ਹਾਇ ਹਾਇ ਕੋਇ ਨ ਪੁੱਛੈ ਹਾਲ॥ ਯਾਰ ਮਹੰਮਦੜੀ ਜੇਤੜੇ ਫ਼ਾਤਿਆ ਦੇਨਦੁ ਆਇ॥ ਜਲਦੇ ਵਿਚ ਪਜਾਵਿਯਾਂ ਕੋਇ ਨ ਕੱਢੇ ਆਇ॥ ਦੁਨੀਆਂ ਦੀਆਂ ਵਡਿਆਈਆਂ ਰਹੀਆਂ ਦੁਨੀਆਂ ਮਾਹਿ॥ ਬਹਿ ਬਹਿਯਾਰ ਮਹੰਮਦੀ ਧਰ ਧਰ ਲੁਕਮੇਂ ਖਾਇ॥ ਜੀਂਵਦਿਆਂ ਭੇਜਣ ਭਿਸਤ ਵਿਚ ਫਿਰ ਮੁਆ ਲਾਹਨ ਵਿਸਾਰ॥ ਜਲਦੇ ਵਿਚ ਪਜਾਵਿਆਂ ਜਲ ਬਲ ਹੋਇ ਅੰਗਾਰ॥ ਭਾਂਡੇ ਇਟਾਂ ਪਕਾਇੰਦੇ ਕਢੇ ਫੇਰ ਕੁਲਾਲ॥ ਗੂਨਾ ਗੂਨਾ ਭਾਂਡੇ ਪੱਕਨਕਾਲੇ ਸਾਲ॥ ਫਿਰ ਉਤਰ ਨ ਜਾਇ ਬਜ਼ਾਰ ਵਿਚ ਪਵੈ ਕਸੀਰਾ ਮੂਲ॥ ਅਮਲੀ ਆਪੋ ਆਪਣੀ ਪਏ ਸੈਗਲੀਏ ਰੂਲ॥ ਇਕਨਾ ਪਵਨ ਨਿਆਮਤੀ ਇਕ ਨਾ ਪਵੈ ਪਿਸ਼ਾਬ॥ ਸਾਹਿਬ ਦਾ ਫਰਮਾਇਆ ਵਿਚ ਕਤਾਬ॥ ੧੮॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਆਖੈ ਕਾਜ਼ੀ ਰੁਕਨਦੀਨ ਸੁਣਹੁ ਨਾਨਕ ਪੀਰ॥ ਅਰਬਾ ਨਾਸਰ ਕੈਤਿਭਿਤ ਉਪਜੀਕਰ ਤਦਬੀਰ॥ ਕਿਉਕਰ ਉਪਜੀਆਂ ਨਿਆਮਤਾਂ ਏਹ ਭੀ ਦੇਇ ਬਤਾਇ॥ ਇਕੇਤ ਜਾਣਨ ਫ਼ਕਰ ਕੁਛ ਇਕੇ ਬੁਝੇ ਆਪ ਖ਼ੁਦਾਇ॥ ਹੋਰ ਨ ਕੋਈ ਜਾਣ ਹੈ ਗ਼ੈਬੀ ਸਿਰਫ਼ ਕੁਦਾਇ॥ ਪੁੱਛੇ ਪੰਡਿਤ ਜੋਤਸੀ ਕਾਜ਼ੀ ਤੇ ਉਲਮਾਇ॥ ਖ਼ਾਤਰ ਨਿਸ਼ਾ ਨ ਕੋ ਕਰੇ ਕਰ ਥੱਕੇ ਬਹੁ ਤਦਬੀਰ॥ ਬਿਨਾਂ ਫ਼ਕੀਰੇ ਸਾਦਕੇ ਕੋਇਨ ਕਟੇ ਜ਼ੰਜੀਰ॥੧੯॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਕਾਜੀ ਰੁਕਨਦੀਨ ਕਹਿੰਦੇ ਅਦਲ ਫ਼ਕੀਰ॥ ਸੁਣੀਐ ਸੱਚ ਸੰਦੇਸੜਾ ਜੋ ਬੁਝਨ ਸਕਨ ਪੀਰ॥ ਮੁਲਾਂ ਬੁਝਨ ਸਕਨੀ ਪੜਹਿ ਕੁਰਾਨ ਕਤੇਬ॥ ਪੰਡਿਤ ਭੇਦ ਨ ਪਾਇਨੀ ਪੜ੍ਹ ਸੁਣ ਚਾਰੋ ਬੇਦ॥ ਬੇਦ ਕਤੇਬੋਂ ਬਾਹਰਾ ਕਹਿਨ ਫ਼ਕੀਰ ਸੁਣਾਇ॥ ਏਹ ਹਕੀਕਤ ਗ਼ੈਬ ਦੀ ਜਾਣੇ ਆਪ ਖੁਦਾਇ॥ ਰੱਖੀ ਪੁਸ਼ੀਦਾ ਗੋਸ਼ੜੇ ਕੋਇ ਨ ਪਾਵੇ ਭੇਦ॥ ਪਏ ਵਿਰੋਲਨ ਪਾਣੀਐ ਕਥਸੁਣ ਬੇਦ ਕਤੇਬ॥ ਉਤਪਤਿ ਪਰਲੈ ਖ਼ਲਕ ਦੀ ਨਾਨਕ ਕਹੇ ਫ਼ਕੀਰ॥ ਸੁਣੋ ਹਕੀਕਤ ਸੱਚ ਦੀ ਕਰਕੇ ਬਹੁਤਦਬੀਰ॥ ਖਾਣੀ

ਚਾਰ ਉਪਾਈਐ ਚਾਰੋਂ ਬਾਣੀ ਨਾਲ॥ ਸੇਤਜ ਅੰਡਜ ਉਤਭੁਜਾਂ ਚਉਥੀ ਜੇਰਜਭਾਲ॥ ਪਾਣੀ ਉਪਜਿਆ ਸੇਤਜੋਂ ਸਭਜੀਆਂ ਕਾ ਜੀਉ॥ ਸੇਤਜਤੇ ਅੰਡਜ ਭਈ ਅੰਡਿਓਂ ਧਰਤੀ ਕੀਉ॥ ਭਏ ਪੈਦਾਇਸ਼ ਧਰਤੀਓ ਅੰਡੇ ਭਏ ਗ਼ਲੀਜ਼॥ ਤਾਂਤੇ ਉਪਜੇ ਅੰਨ ਬਹੁ ਅੰਨਹੁ ਜੇਰਜ ਕੀਨ॥ ਉਪਜੀ ਚਾਰੋਂ ਖਾਣ ਤਬ ਲਖ ਚਉਰਾਸੀਹ ਫੇਰ॥ ਗੂਨਾਗੂਨ ਪੈਦਾਇਸ਼ੀ ਜੀਆ ਜੋਨੀ ਢੇਰ॥ ਸਬਨਾਂ ਦੇ ਸਿਰ ਤਾਜ ਕਰ ਸਾਜਿਆ ਆਦਮ ਆਪ॥ ਸਭੇ ਸਈਂ ਪਛਾਣਦਾ ਜਾਣੇ ਪਾਕ ਨਪਾਕ॥ ਜਾਣੇ ਜੀਆ ਜਾਤ ਸਭ ਲਿਖੇ ਬੇਦ ਕਤੇਬ॥ ਇਕ ਆਦਮ ਤੇ ਲੱਖ ਭਏ ਬਹੁ ਬਿਧ ਕੀਤੇ ਭੇਦ॥ ਜਾਤੀ ਜਿਨਸੀ ਬਹੁਤ ਬਿਧ ਬਹੁ ਬਿਧ ਰੱਖੇ ਨਾਵ॥ ਬਹੁ ਬਿਧ ਬੇਦ ਕਤੇਬੜੇ ਭਏ ਅਸੰਖਾ ਭਾਵ॥ ਦਾਨੋ ਦੇਵਾਂ ਨਾਗ ਕਰ ਰਾਕਸ਼ ਭੂਤ ਪਿਸਾਚ॥ ਸ਼ਿਵ ਸ਼ਕਤੀ ਕਈ ਅਸੰਖ ਕਰ ਖ਼ਲਕ ਜਪੇ ਤਿਹ ਜਾਪ॥ ਏਹ ਸਭ ਖ਼ਾਕੂ ਤੇ ਭਏ ਫਿਰ ਖ਼ਾਕੂ ਮਾਹਿ ਸਮਾਤ॥ ਖਾਕੂ ਸੁ ਬੀਰਜ ਖਲਕਦਾ ਉਪਜਹਿ ਤੇ ਖਪਜਾਹਿ॥ ਦਾਨਾ ਏਕ ਗਡਾਈਐ ਖ਼ਾਕੂਨਾਲ ਮਿਲਾਇ॥ ਹੋਇਨ ਪੈਦਾਖ਼ਾਕ ਵਿੱਚ ਨਾਮ ਨਸ਼ਾਨ ਨ ਕਾਇ॥ ਇਕਤੇ ਦਾਣੇ ਲੱਖ ਹੋਇ ਆਬ ਖ਼ਾਕ ਦੇ ਜੀਅ॥ ਐਸੀ ਕੁਦਰਤਿ ਰੱਬਦੀ ਅਜ਼ਗੈਬ ਪੈਦਾਇਸ਼ ਕੀਅ॥ ਖ਼ਲਕ ਖਪਾਵਨ ਕਾਰਣੇ ਫਿਰਕੇ ਰਚੇ ਅਨੇਕ॥ ਦਾਵਾ ਕਰਕੇ ਲੜ ਮਰਹਿ ਭੁਲੇ ਅਬਿਬੇਕਬਿਬੇਕ॥ ਸਾਹਿਬ ਦਾਵੈ ਬਾਹਰਾ ਸਭਨਾ ਦੇ ਸਿਰ ਪੀਰ॥ ਦਾਵੈ ਅੰਦਰ ਜੋ ਰਹੈ ਹੋਇ ਅੰਤ ਜ਼ਹੀਰ॥ ਦਾਵਾ ਛੱਡੋ ਮੋਮਨੋ ਮਿਲਹੁ ਸਖ਼ਾਕੂ ਨਲ॥ ਕਾਇਮ ਹੋਵੈ ਜੁੱਸੜਾ ਛੁੱਟਨ ਕਾਲਜੰਜਾਲ॥ ਜੀਂਵਦਿਆਂ ਖ਼ਾਕੂ ਸੰਗ ਮਿਲੇ ਫਿਰ ਖ਼ਾਕ ਨ ਤਿਸੇ ਖਾਇ॥ ਕਾਇਮ ਤਿਸਦਾ ਜੁੱਸੜਾ ਮਰੇ ਨਾ ਆਵੈ ਜਾਇ॥ ਬਾਝੂ ਕਾਇਮ ਜੁੱਸੜੇ ਹੋਏ ਨ ਮੁਸਲਮਾਨ॥ ਫਿਰ ਫਿਰ ਅਗਨ ਜਲਾਵਈ ਪਾਇਆ ਵਸ ਸ਼ੈਤਾਨ॥ ਕਾਇਮ ਜੁੱਸਾ ਨਾ ਜਲੈ ਹੋਇ ਜੇ ਕਾਇਮ ਧਾਤ॥ ਸਕੇ ਨ ਅਗਨ ਜਲਾਇ ਤਿਸ ਨਿਤ ਨਿਤ ਵਧਤੀ ਜਾਤ॥ ਸੁਇਨਾ ਕਾਇਮ ਧਾਤ ਵਿੱਚ ਸਕੇ ਨ ਅਗਨ ਜਲਾਇ॥ ਧਰਤੀ ਵਿੱਚ ਦਬਾਈਐ ਫਿਰ ਖ਼ਾਕ ਨ ਸੱਕੇ ਖ਼ਾਇ॥ ਧਾਤ ਸੁਇਨੇ ਬਾਹਰੀ ਜਾਵੇ ਧਰਤੀ ਖਾਇ॥ ਜਲ ਬਲ ਹੋਵਨ ਖ਼ਾਕੜੀ ਫਿਰ ਖ਼ਾਕੂ ਸੰਗ ਮਿਲ ਜਾਇ॥ ਸੁਣ ਹੋ ਕਾਜ਼ੀ ਰੁਕਨਦੀਨ ਪੜਕੇ ਦੇਖ ਕਿਤਾਬ॥ ਬੁੱਝੇ ਬਿਨਾ ਬਿਬਕੜੇ ਲਗੱਨ ਬਹੁਤ ਅਜ਼ਾਬ॥੨●॥

ਸੁਆਲ ਕਾਜ਼ੀ ਰੁਕਦੀਨ ਸੂਰਾ॥ ਰੁਕਨਲ ਆਖੇ ਨਾਨਕਾ ਦੇਵਹੁ ਸੱਚ ਨੀਸ਼ਾਨ॥ ਗਊ ਸੂਅਰਦੀ ਹੱਦ ਹੈ ਹਿੰਦੂ ਮੁਸਲਮਾਨ॥ ਹਿੰਦੂ ਗਊਨ ਖਾਵਣੀ ਤੁਰਕ ਨ ਖਾਵਣ ਸੂਰ॥ ਦੁਹਾਂ ਦਾਵਾ ਪਕੜਿਆ ਸਚ ਲਿਖਿਆ ਕੇ ਕੂੜ॥ ਇਹ ਕਿਉ ਰੱਦੇ ਆਪ ਵਿਚ ਹੋਈ ਚੇਰ ਜਹਾਨ॥ ਰੁਕਨਲ ਆਖੇ ਨਾਨਕਾ ਮੁਸ਼ਕਲ ਕਰਹੁ ਅਸਾਨ॥੨੧॥

ਜਵਾਬ ਨਾਨਕਸ਼ਾਹ ਸੂਰਾ॥ ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ॥ ਗਊ ਸੂਅਰ ਨੋਂ ਮਾਰਿਆਂ ਲੱਗਨ ਬਹਤ ਅਜ਼ਾਬ॥ ਗਊ ਚਉਧਵਾਂ ਰਤਨ ਹੈ ਕਾਮਧੇਨ ਤਿਹ ਨਾਮ॥ ਪੂਜਨ ਸਭ ਅਉਤਾਰ ਤਿਹ ਕਰਕੇ ਮਾਤ ਸਮਾਨ॥ ਸ਼ਰਿ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ॥ ਨਾਨਕ ਆਖੇ ਰੁਕਨਦੀਨ ਬਹੁ ਭੁਖਿਆ ਹੋਇ ਪਨਾਹ॥ ਸੂਰ ਬੈਰਾ ਹੋਂ ਉਪਜਿਆ ਤਿਸ ਪੂਜਨ ਕਰ ਅਵਤਾਰ॥ ਸਭ ਪੈਕੰਬਰਾਂ ਛੱਡਿਆ ਕਰ ਹਰਾਮ ਆਹਾਰ॥ ਤੂਟੀਆਂ ਰੂਮ ਗਊ ਦੀਆਂ ਦੁਧ ਸਿਉਂ ਮਿਲਿਆਂ ਜੁ ਖਾਇ॥ ਜਾ ਰਸਾਤਲ ਵਾਸਲੈਨ ਜੋਨ ਸਰਪ ਕੀ ਪਾਇ॥ ਪੁਣੇ ਬਿਨਾਂ ਦੁਧ ਗਊ ਦਾ ਖਾਧਿਆਂ ਗਾਇਆ ਪਤਾਲ॥ ਜੋ ਗਊ ਸੂਅਰ ਮਾਸ ਖਾਨ ਤਿਨਾ ਵਡੇ ਜੰਜਾਲ॥ ਜੋ ਜੀ ਮਾਰ ਜਵਾਇਅਨਿ ਤਿਨ ਸੈ ਮਾਸ ਹਲਾਲ॥ ਜੋਮੂਏ ਫੇਰ ਜੀਵਨ ਨਹੀਂ ਫਿਰ ਮੰਗਨ ਮਾਸ ਸੰਭਾਲ॥ ਗਊ ਸੂਅਰ ਹਰਾਮ ਕਰ ਦੋਨੋ ਦੀਏ ਉਠਾਇ॥ ਇਕਨਾ

ਦੁਧ ਹਲਾਲ ਹੈ ਮਾਸ ਨਪਾਕ ਕਰਾਇ॥ ਮਹਿਰਮ ਰਾਹਾਂ ਦੋਹਾਂ ਦਾ ਦਰਗਹ ਸਿੱਝੇ ਸੋਇ॥ ਕਾਫਰ ਜਲਦੇ ਕੁਫ਼ਰ ਵਿਚ ਜਿਨਾਂ ਪਛਾਤੇ ਦੋਇ॥੨੨॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਰੁਕਨਲ ਆਖੇ ਨਾਨਕਾ ਦਰਗਹ ਦੀ ਖ਼ਬਰ ਸੁਣਾਇ॥ ਕੇਹਾ ਰੰਗ ਮਹੱਲ ਦਾ ਜਿੱਥੇ ਡਹੇ ਖ਼ੁਦਾਇ॥ ਕੇਹੇ ਬੁਰਜ ਮਹੱਲ ਦੇ ਛੱਜੇਤੇ ਚਉਕਾਠ॥ ਕੇਹੀਆਂ ਡਿੱਠੀਆਂ ਬੈਠਕਾਂ ਕਿਸ ਨਾਲ ਕੀਤੇ ਰਾਸ॥ ਕੇਹਾ ਗਾਰਾ ਚੂਨੜਾ ਕਉਣ ਬਨਾਵਣ ਹਾਰ॥ ਸੂਰਤ ਕਉਣ ਮਹਲਦੀ ਕਿਉਂ ਕਰ ਹੋਇ ਦੀਦਾਰ॥ ਦਰਤੇ ਲਿਖਿਆ ਕੇ ਕੁਝ ਏਹਭੀ ਦੇਇ ਬਤਾਇ॥ ਕੇਹੜਾ ਯਾਰ ਖ਼ੁਦਾਇ ਦਾ ਜਿਸਨੌਂ ਠਾਕ ਨ ਪਾਇ॥ ਪਹੁੰਚੇ ਕੇਹੜੀ ਬੰਦਗੀ ਕਰਕੇ ਕਉਣ ਨਮਾਜ਼॥ ਕੇਹੜੀ ਸੁੰਨਤ ਪਾਈਐ ਜਾਇ ਦੀਦਾਰ ਖ਼ੁਦਾਇ॥ ਕਉਣ ਰਸੂਲ ਪਹੁੰਚਾਇਦਾ ਦਰਗਹ ਸੱਚੀ ਜਾਇ॥ ਸਭ ਨਿਸ਼ਾਨੀਆਂ ਦੇਹਖਾਂ ਦੇਤਾਂ ਤੂੰ ਅਵੱਲ ਫ਼ਕੀਰ॥ ਪੀਰਾਂ ਅੰਦਰਪੀਰ ਤੂੰ ਮੀਰਾਂ ਅੰਦਰ ਮੀਰ॥੨੭॥

ਜਵਾਬ ਨਾਨਕ ਸ਼ਾਹ ਸੂਰਾ॥ਨਾਨਕ ਆਖੇ ਰੁਕਨਦੀਨ ਦਰਗਹ ਦੀ ਸੁਧ ਲੇਹ॥ ਰੰਗ ਅਜਾਇਬ ਮਹਿਲ ਦਾ ਹੀਰੇ ਲਾਲ ਜੜੇਇ॥ ਮੋਤੀ ਤੇ ਯਾਕੂਤੀਆਂ ਮਣੀ ਜ਼ਮੁਰਦ ਨਾਲ॥ ਲਖ ਆਫ਼ਤਾਬ ਮਹਿਤਾਬ ਲਖ ਰੋਸ਼ਨ ਬਲਨ ਮਸ਼ਾਲ॥ ਰੰਗ ਮਹੱਲ ਹੈ ਕੁਦਰਤੀ ਜਿਸ ਵਿਚ ਤਖਤ ਸੁਬਹਾਨ॥ ਬੈਠਾ ਸੱਚਾ ਪਾਤਸ਼ਾਹ ਸੁਲਤਾਨਾਂ ਸੁਲਤਾਨ॥ ਬਾਰਾਂ ਬੁਰਜ ਮਹੱਲਦੇ ਨਉਂਦਰਵਾਜ਼ੇ ਨਾਲ॥ ਪੰਜ ਖ਼ਵਾਸ ਹੈਂ ਪਾਹਰੂ ਚਉਕੀ ਦੇਨ ਸੰਬਾਲ॥ ਬੁਰਜ ਸਵਾਰੇ ਜ਼ਰੀ ਕੇ ਮੀਨਾ ਕਾਰੀ ਰਾਸ॥ ਬਣੇ ਚਉਕਾਠਾਂ ਛੱਜੜੇ ਬਾਵਨ ਚੰਦਨ ਕਾਠ॥ ਪੱਥਰ ਪਾਰਸ ਲਾਈਐ ਪਾਰਸ ਜ਼ਾਤ ਸੰਗ ਬਾਰ॥ ਕਾਮ ਧੇਨ ਲਖ ਲਛਮੀਆਂ ਹੋਇ ਗੋਲੀ ਕਰਨ ਅਰਦਾਸ॥ ਲੇਪਨਮੇਦਕ ਸੂਤ੍ਰੀਆ ਚੋਏ ਬਹੁ ਪਰਕਾਰ॥ ਰੰਗ ਅਜਾਇਬ ਬੈਠਕਾਂ ਗਾਰੇ ਮੁਸਕ ਅਕਪਾਰ॥ ਨਉਂ ਦਰਵਾਜੇ ਕੋਟ ਦੇ ਦਸਵਾਂ ਨੂਰ ਮਹੱਲ॥ ਹਉਜ਼ ਹਯਾਤੀ ਪਰ ਭਰੇ ਤਿਸ ਵਿੱਚ ਕਉਲ ਅਚੱਲ॥ ਗਿਰਦ ਮਹਲੱ ਦੇ ਕੋਟ ਹੈ ਬਾਵਨ ਕਿੰਗਰੇ ਤਿਸ॥ ਕਿੰਗਰੇ ਕਿੰਗਰੇ ਤੋਪਚੀ ਵੜਨ ਨ ਦੇਂਦੇ ਕਿਸ॥ ਸੱਤ ਸਮੁੰਦਰ ਖਾਈਆਂ ਨਦੀਆਂ ਅੰਤ ਨ ਪਾਰ॥ ਕਈ ਰਖਵਾਲੇ ਸੂਰਮੇਂ ਪਿਆਦੇ ਤੇ ਅਸਵਾਰ॥ ਇੱਕ ਮਹੱਲ ਦੁਇ ਬਾਰੀਆਂ ਸ਼ਿਵ ਸ਼ਕਤੀ ਸੁਲਤਾਨ॥ ਖਿੜਕੀ ਖੋਲ੍ਹ ਦੀਦਾਰ ਦੇਨ ਬਹੁਤ ਵਧਾਇਨ ਮਾਨ॥ ਗ਼ੈਬੀ ਵੱਜਨ ਨਉਬਤਾ ਸੰਖਨ ਗਾਰੇ ਭੇਰ॥ ਸਰਨਾਈਆਂ ਤੇ ਮੁਰਲੀਆਂ ਨਾਲ ਅਨਾਦੇ ਫੇਰ॥ ਬਾਗਾਂ ਬੁਰਜਾਂ ਸਿੰਙੀਆਂ ਸਾਰੰਗੀਆਂ ਰਬਾਬ॥ ਵੱਜਣ ਛੇਣੇਂ ਕੈਂਸੀਆਂ ਜੇਤੇ ਰਾਗਾਸਾਜ॥ ਗਾਵਹਿ ਛਤੀਸ ਰਾਗਨੀ ਸੰਗ ਖਸ਼ਟ ਅਲਾਪਹਿ ਰਾਗ॥ ਸੰਗ ਅਲਾਪਹਿ ਨਾਇਕਾਂ ਵਾਰੋ ਵਾਰੀ ਜਾਗ॥ ਪਹਿਲੇ ਭੇਰੋਗਾਵਹੀ ਪੰਚ ਰਾਗਨੀ ਸੰਗ॥ ਭੇਰਵ ਤੇ ਬਿਲਾਵਲੀ ਨਾਲ ਬੰਗਾਲੀ ਚੰਗ॥ ਪੁੰਨਯਾਂ ਕੀ ਅਸਲੇਖੀ ਸ਼ਾਹ ਪਾਂਚੋਂ ਨਾਰਸੰਗ ਬੀਚਾਰ॥ ਮਾਲ ਕਉਸ ਫੁਨ ਗਾਵਹੇ ਪੰਚ ਸੰਗ ਲੇ ਬਾਰ॥ ਗੋਡਕਰੀ ਅਲਾਪਹਿ ਦੇਵ ਗੰਧਾਰੀ ਨਾਲ॥ ਸੋਰਟ ਅੰਧਿਆਰੀ ਕਹੇ ਧਨਾਸਰੀ ਸੰਗ ਭਾਲ॥ ਗਾਵੈਫੁਨ ਹਿੰਡੋਲ ਰਾਗ ਪਾਂਚ ਰਾਗਨੀ ਸਾਥ॥ ਤੇਲੰਗੀ ਦੇਵਕਰੀ ਦਹੁਬਸੰਤੀ ਸੰਦੂਰ॥ ਸਰਸ ਅਹੀਰੀ ਭਾਰਜਾ ਗਾਵਹਿ ਰਾਗ ਚੰਡੂਰ॥ ਗਾਵਹਿ ਦੀਪਕ ਰਾਗ ਫੁਨ ਪਾਂਚ ਰਾਗਨੀ ਸਾਥ॥ ਕਾਛੇਲੀ ਪਟਮੰਜਰੀ ਟੋਡੀ ਗਾਵ ਅਲਾਪ॥ ਕਾਮੋਦੀ ਅਰ ਗੂਜਰੀ ਸੰਗ ਦੀਪਕ ਕੇ ਲਾਇ॥ ਗਾਵਨ ਊਚੀ ਸੁਲਇ ਬੈਠਾ ਸੁਨੇ ਖੁਦਾਇ॥ ਪੰਚਮ ਗਾਵਹਿ ਸਿਰੀਰਾਗ ਪੰਚ ਰਾਗਨੀ ਕੋਲ॥ ਬੈਰਾਰੀ ਕਰਨਾਟਕੀ ਗੌੜੀ ਸੁਨਾਏ ਬੋਲ॥ ਪਚੰਮ ਗਾਵੈ ਸਿੰਧਵੀ ਸਿਰੀ ਰਾਗ ਕੀ ਨਾਰ॥ ਵਾਰੀ ਆਪੋ ਆਪਣੀ ਸੱਭੇ ਰਾਗ ਉਚਾਰ॥ ਮੇਘ ਰਾਗ ਸੰਗ ਪੰਚ ਹੈ ਪਾਵੈ ਗੁਨੀ ਬੀਚਾਰ॥ ਤੀਸ ਰਾਗਨੀ ਗਾਵਹੇ ਗਾਵਹਿ ਖਟਹੀ ਰਾਗ॥ ਜੋ ਜਾਗੇ

ਸੇਈ ਸੁਣੇ ਜਾਗਨ ਤਿਸਕੇ ਭਾਗ॥ ਰਾਗਾਂ ਵਿਚ ਕਈ ਰਾਗਹੈ ਕਾਢਹਿ ਸੁਘੜ ਬਣਾਇ॥ ਤੀਸ ਰਾਗਨੀ ਖਟ ਰਾਗ ਸਦਾ ਸਰਬਦਾ ਆਇ॥ ਗਾਵਹ ਤਾਲ ਮਿਲਾਇ ਕੇ ਸਮੇ ਸਮੇ ਕਰ ਰਾਗ॥ ਸਾਜ ਬਾਜ ਸਭ ਸੰਗ ਵਜਹਿ ਹੋਵਹਿ ਨਾਦ ਅਨਾਦ॥ ਉਪਰ ਖ਼ਾਸੇ ਮਹਿਲ ਪਰ ਦੇਵੈ ਬਾਂਗ ਖ਼ੁਦਾਇ॥ ਸੁੱਤੇ ਬਾਂਗਨ ਸੁਨ ਸਕਹਿ ਰਹਿਆ ਖੁਦਾਇ ਜਗਾਇ॥ ਸੁੱਤੀ ਪਈ ਨਿਭਾਗ ਸਭ ਸੁਣੇ ਨ ਬਾਂਗਾਂ ਕੋਇ॥ ਜੋ ਜਾਗੇ ਸੇਈ ਸੁਣੇ ਸਾਈਂ ਸੰਦੀ ਸੋਇ॥ ਰਾਹ ਖ਼ਦਾਇ ਭੀਹਾਵਲਾਵਾਲਹੁ ਦਸਵੇਂ ਭਾਇ॥ ਹੱਥੀ ਜਾਇ ਨ ਸਕਨੀ ਹਉਮੈ ਰੱਖੇ ਅੜਾਇ॥ ਸੁਰਤ ਰੰਗ ਮਹੱਲ ਦੀ ਮਨ ਪਰ ਰੱਖਹੁ ਲਾਇ॥ ਦਰ ਦੇ ਉਪਰ ਲਿਖਿਆ ਇੱਕੋ ਪਾਕ ਖ਼ੁਦਾਇ॥ ਕੁਦਰਤ ਕਈ ਰਸੂਲ ਹੈਂ ਯਾਰਾਂ ਅੰਤਨ ਪਾਇ॥ ਜਿਸਕੀ ਯਾਰੀ ਧੁਰ ਚੜ੍ਹੇਪਹਤਾ ਜਾਣਹੁ ਸੋਇ॥ ਆਵਣ ਜਾਣ ਫ਼ਰਮਾਨ ਲਏ ਕਈ ਇਜਾਰੇ ਚਾਇ॥ ਕੇਤੇ ਲੱਖ ਮੁਰੀਦ ਕਰ ਹਉਮੈ ਅੰਦਰ ਪਾਇ॥ ਰਹੀਆਂ ਉਰੇ ਉਂਮਤੀ ਨਾਲੇ ਨਬੀ ਰਸੂਲ॥ ਨਿਗੁਰੇ ਰਾਹਿਨ ਪਾਇਨੀ ਮਣੀ ਗਿਆਨੇ ਭੁਲ॥ ਸਚ ਸਰੀਯਤ ਬੰਦਗੀ ਸਚੀ ਸੁੰਨਤ ਏਹ॥ ਸਚ ਦੀਦਾਰ ਖੁਦਾਇ ਦਾ ਸੱਚ ਨਮਾਜ ਕਰੇਇ॥ ਸੱਚ ਬਰਾਬਰ ਨ ਯਾਰ ਕੋਜੋ ਦੇਵੈ ਫ਼ੁਦਾਇ ਮਿਲਾਇ॥ ਹਿੰਦੂ ਮੁਸਲਮਾਨ ਦਾ ਦਾਵਾ ਦੇਇ ਉਠਾਇ॥ ਨਾਨਕ ਲੇਖੇ ਇਕ ਗਲ ਹੋਰ ਗੱਲਾਂ ਸ਼ੇਤਾਨ॥ ਅਮਲਾਂ ਉਪੱਰ ਨਿੱਬੜੇ ਸਾਬਤ ਰੱਖ ਈਮਾਨ॥੨੮॥

ਬਾਹਰਲੇ ਦੇਸਾਂ ਤੋਂ ਹਜ਼ ਕਰਨ ਆਏ ਹਾਜੀਆਂ ਦਾ ਸੁਆਲ। ਹਾਜੀ ਆਖਨ ਨਾਨਕਾ ਸੁਨ ਤੂੰ ਸੱਚ ਜਵਾਬ॥ ਹਿਦੂੰ ਜਲਦੇ ਵਿਚ ਆਤਸ਼ੀ ਸਹਿੰਦੇ ਬਹੁਤ ਅਜਾਬ॥ ਬਡਾ ਦੋਜ਼ਕ ਆਤਸ਼ੀ ਨੇੜੇ ਜਾਇ ਨ ਕੋਇ॥ ਹਿੰਦੂ ਜਲਦੇ ਤਿਸ ਵਿਚ ਦੋਜਖ਼ ਪਹੁਤੇ ਸੋਇ॥ ਉਮੱਤ ਪਾਕ ਮੁਹਮਦੀ ਮਿਲੇਸੁ ਖ਼ਾਕੂ ਸਾਥ॥ ਕਿਆਮਤ ਫੇਰ ਉਠਾਇ ਸੀ ਕਾਜ਼ੀ ਮਹੰਮਦ ਆਪ॥ ਨੇਕੀ ਬਦੀ ਕਸੀਸ ਜੋ ਔਰਤ ਪੁਰਸ ਨ ਕੋਇ॥ ਕਯਾਮਤ ਹੋਇ ਹਿਸਾਬ ਸਭ ਮੁਸਲਮਾਨ ਜੋ ਕੋਇ॥ ਜਿਸਕਾ ਜੁੱਸਾ ਤਿਸ ਕਉ ਦੂਜਾ ਮਿਲੈ ਨ ਹੋਰ॥ ਰੋਜ਼ ਕਿਆਮਤ ਦੇਹੜੇ ਪਉਸਨ ਵੱਡੇ ਸ਼ੋਰ॥ ਇਸਰਾਫੀਲ ਫ਼ਰੇਸ਼ਤਾ ਜਦ ਫੂਕੇਸੀ ਕਰਨਾਇ॥ ਉਠਸਨ ਸੱਭੇ ਉਮਤੀ ਜੋ ਖ਼ਾਕੂ ਸੰਗ ਸਮਾਇ॥ ਆਪ ਮਹੰਮਦ ਮੁਸਤਫ਼ਾ ਮੀਜ਼ਾਂ ਕਰੇ ਹਿਸਾਬ॥ ਨੇਕੀ ਬਦੀ ਬੀਚਾਰ ਕੇ ਦੇਸੀ ਅਜ਼ਾਬ ਸਵਾਬ॥ ਕਲਮਾਂ ਜਿਨਾਂ ਪਛਾਣਿਆ ਸਹਿਨ ਨ ਵੱਡੇ ਤਾਇ॥ ਲਿਖਿਆ ਵਿਚ ਕੁਰਾਨ ਦੇ ਕਹੇ ਰਸੂਲ ਖ਼ੁਦਾਇ॥੨੯॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੇ ਕਾਜ਼ੀਆਂ ਸੁਣੀਏ ਸੱਚ ਸੁਆਲ॥ ਹਿੰਦੂ ਜਲਦੇ ਇੱਕ ਵਾਰ ਤੁਰਕ ਵੱਡੇ ਜੰਜਾਲ॥ ਮਿੱਟੀ ਮੁਸਲਮਾਨ ਦੀ ਜੰਮੇ ਹੋਇ ਨਬਾਤ॥ ਜਲਨ ਨਬਾਤੀ ਹੇਮਸ਼ਾ ਵਿਚ ਆਤਸ਼ ਸਹਿਨ ਕਿਸਾਸ॥ ਜਲ ਬਲ ਕੋਲੇ ਹੋਇ ਕੇ ਫਿਰ ਮਿਲਹਿਸਿ ਖ਼ਾਕੂ ਨਾਲ॥ ਕਿੱਥੇ ਮਹੰਮਦ ਮੁਸਤਫਾ ਮੀਜ਼ਾਂ ਕਰੇ ਸੰਭਾਲ॥ ਕਯਾਮਤ ਚਸ਼ਮੀ ਦੇਖੀਐ ਅੰਦਰ ਇਸੇ ਜਹਾਨ॥ ਹਿੰਦੂ ਮੁਸਲਮਾਨ ਦੁਇ ਅੰਦਰ ਆਂਚ ਜਲਾਨ॥ ਮਹਮੰਦ ਮਹਮੰਦ ਕਿਯਾ ਕਰੋ ਮਹੰਮਦ ਘਰ ਘਰ ਹੋਇ॥ ਇਕ ਮਹੰਮਦ ਮੁਸਤਫ਼ਾ ਕਈ ਮਹੰਮਦ ਲੋਇ॥ ਪੜਦਾ ਕੂੜਾ ਡਾਲ ਕੇ ਰੱਖਯਾ ਸੱਚ ਛਿਪਾਇ॥ ਓੜਕ ਸਚ ਸਲਾਮਤੀ ਦੇਸੀ ਕੂੜ ਉਡਾਇ॥ ਇੱਕੋ ਸੰਚ ਪਛਾਣ ਕੇਇ ਕੋ ਜਾਣੇ ਸੋਇ॥ ਆਮਦ ਰਫਤ ਨ ਰਹਿ ਸਕੇ ਰੱਖ ਨ ਸਕੇ ਕੋਇ॥ ਭਾਵੇਂ ਆਖੇ ਖ਼ੁਦਾਇ ਜਬ ਇਕਤੇ ਕਰੇ ਅਨੇਕ ॥ ਫੇਰ ਅਨੇਕੋਂ ਇਕ ਕਰੇ ਨਾਨਕ ਕਹੇ ਬਿਬੇਕ॥ ਜਿਸਦੇ ਮਰਗ ਨਸੀਬ ਹੈ ਕਿਆਮਤ ਤਿਸ ਦੇ ਭਾਇ॥ ਇਸਰਾਫੀਲ ਫ਼ਰੇਸਤਾ ਜਬ ਫੂਕੇਸੀ ਕਰ ਨਾਇ॥ ਉਠੇ ਜੁੱਸਾ ਤਿਸਦਾ ਜਿਸਦੇ ਮਰਗ ਨਸੀਬ॥ ਇਕਦੂ ਜੁੱਸੇ ਅੰਸਖ ਹੋਨ ਨਾਨਕ ਕਹੇ ਰਸੀਦ॥ ਆਪੇ ਇੱਕ ਖ਼ੁਦਾਇ ਹੈ

ਕਈ ਮਹੰਮਦ ਲੋਇ॥ ਵਾਰੀ ਆਪੋ ਆਪਣੀ ਉਠੀ ਚਲੇ ਰੋਇ॥ ਕੂੜਾ ਝਗੜਾ ਹਾਜੀਓ ਮਨ ਤੇ ਰਖਹੁ ਨ ਮੂਲ॥ ਇੱਕੋ ਪਾਕ ਖੁਦਾਇ ਹੈ ਹੋਰ ਕੇਤੇ ਨਬੀਰ ਰਸੂਲ॥ ਓੜਕ ਡਿੱਠਾ ਹਾਜੀਆਂ ਰਹੇ ਸਭੇ ਮੁਰਛਾਇ॥ ਹੁੱਜਤ ਹਾਜਤ ਸ਼ਰਾਦੀ ਸਕਨ ਨ ਮੁਖਹੁ ਅਲਾਇ॥ ਸ਼ਰਾ ਸ਼ਰੀਯਤ ਸੋਧਕੇ ਸੱਚ ਸ਼ਰਯਿਤ ਕੀਨ॥ ਪਕੜਹੁ ਰਾਹ ਤਰੀਕ ਤੇ ਕਰਕੇ ਸਾਬਤ ਦੀਨ॥ ਪਾਵਹੁ ਰਾਹ ਹਕੀਕਤੇ ਹੱਕ ਹਲਾਲ ਗੁਆਹਿ॥ ਰਾਹ ਪਛਾਣਹੁ ਮਾਰਫ਼ਤ ਆਪੇ ਆਪ ਅਲਾਹਿ॥ ਨਾਨਕ ਆਖੇ ਹਾਜੀਆਂ ਚਾਰ ਕਤੇਬ ਗੁਆਹ॥ ਭਿਸ਼ਤਾ ਭਿਸ਼ਤਾਂ ਕਿਆ ਕਹੋ ਦੋਜ਼ਕ ਦਿਹੋ ਦਿਖਾਇ॥ ਜਲਦੇ ਦਿਸੱਨ ਦੋਵੜੇ ਕੂਕ ਪੁਕਾਰਨ ਹਾਇ॥ ਮੁਸਲਮਾਨੀ ਹੇਜ਼ਸਾਂ ਕਰੇ ਨ ਬਾਤੀ ਜਿਸ॥ ਅੰਦਰੋਂ ਬਾਹਰੋਂ ਆਤਸ਼ੀ ਭੇਦ ਨ ਪਾਵੇ ਕੋਇ॥ ਨਾਨਕ ਆਖੇ ਹਾਜੀਆਂ ਜਲਦੇ ਦਿਸਨ ਦੋਇ॥ ਭਿਸ਼ਤਾਂ ਦਿਸਨ ਜਲਦੀਆਂ ਹਾਵੀਏ ਦੋਜ਼ਕ ਨਾਲ॥ ਹਿੰਦੂ ਮੁਸਲਮਾਨ ਦਾ ਕੋਇ ਨ ਪੁੱਛੇ ਹਾਲ॥ ਦੁਨੀਆਂ ਦੋਜ਼ਕ ਆਤਸ਼ੀ ਸਭ ਘੱਤੇ ਦੀਨ ਜਲਾਇ॥ ਪੇਟ ਨ ਪਾਵਨ ਰੋਟੀਆਂ ਵਿਸਰ ਜਾਇ ਖ਼ੁਦਾਇ॥ ਜੇਤੇ ਫਿਰਕੇ ਦੁਨੀਂ ਵਿਚ ਖਾਣੇ ਨਾਲ ਪੈਵੰਦ॥ ਇੱਕੋ ਫਿਰਕਾ ਰੱਬ ਦਾ ਪਿਸ ਵਿਚ ਬਹੁਤੇ ਬੰਦ॥ ਆਬੀ ਖ਼ਾਕੀ ਆਤਸ਼ੀ ਚਉਥਾ ਬਾਦੀ ਨਾਲ॥ ਚਾਰੋ ਜਲਦੇ ਦਿਸੱਨੀ ਕਿਸ ਨੂੰ ਆਖਨ ਹਾਲ॥ ਜਲਸਨ ਰੂਹ ਨਿਮਾਨੜੇ ਵਡ ਆਤਸ਼ ਕੇ ਸੰਗ॥ ਦਿੱਸਨ ਦੋਜ਼ਕ ਭਿਸ਼ਤ ਵਿਚ ਜਲਦੇ ਬਲਦੇ ਨੰਗ॥੩●॥

ਸੁਆਲ ਹਾਜੀਆਂ ਸੂਰਾ॥ ਆਖਨ ਕਾਜ਼ੀ ਨਾਨਕਾ ਲਿਖਿਆ ਵਿਚ ਕੁਰਾਨ॥ ਫੇਰ ਤਵੱਲਦ ਨਾ ਥੀਏ ਜੋ ਹੋਏ ਮੁਸਲਮਾਨ॥ ਕਾਇਮ ਹੋਇ ਕਿਆਮਤੀ ਸਾਬਤ ਰੱਖ ਈਮਾਨ॥ ਰਹਿਸਨ ਰੂਹ ਅਮਾਨਤੀ ਵੱਤ ਨ ਆਵਨ ਜਾਨ॥ ਕਾਫ਼ਰਾ ਜਲਦੇ ਆਤਸ਼ੀ ਬਹੁਤੇ ਲਹਨ ਅਜ਼ਾਬ॥ ਕੂਕਨ ਪਏ ਮਸਾਨ ਵਿਚ ਆਤਸ਼ ਲਏ ਹਿਸਾਬ॥ ਬਾਝ ਮਹੰਮਦ ਮੁਸਤਫ਼ਾ ਕੋਇ ਨ ਲਏ ਛਡਾਇ॥ ਜਿਨਾਂ ਕਲਮਾ ਆਖਿਆ ਵੜਦਾ ਭਿਸ਼ਤੀ ਜਾਇ॥ ਹੂਰਾਂ ਪਰੀਆਂ ਭਿਸ਼ਤ ਵਿੱਚ ਹੋਵਨ ਤਿਨਾਂ ਨਸੀਬ॥ ਰਾਹ ਸ਼ੈਤਾਨੀ ਕੁਫ਼ਰ ਦਾ ਕੀਤਾ ਜਿਨਾਂ ਪਲੀਤ ॥੩੩॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੇ ਹਾਜੀਆ ਲਿਖਿਆ ਵਿਚ ਕਿਤਾਬ॥ ਜੋ ਹੋਈ ਅਰਬਾਨਾਸਰੋਂ ਲਹਸੀ ਸਭ ਅਜ਼ਾਬ॥ ਨ ਕੋ ਮੁਸਲਮਾਨ ਹੈ ਕਾਇਮ ਕਿਉਂ ਕਰ ਹੋਇ॥ ਕਾਇਮ ਰਹਨ ਪੈਕੰਬਰਾਂ ਲੱਖ ਸਵਾਈ ਸੋਇ॥ ਸਵਾ ਲਾਖ ਪੈਕੰਬਰਾਂ ਕਿੱਥੇ ਤਿਨਾ ਮੁਕਾਮ॥ ਉਮੱਤ ਅੰਤ ਨ ਪਾਈਐ ਜਲ ਬਲ ਥੀਏ ਮਸਾਨ॥ ਕੇਤੜਿਆ ਅਵਤਾਰ ਲਖ ਜਲਬਲ ਹੋਏ ਖ਼ਾਕ॥ ਸਣੇ ਅਉਤਾਰ ਪੈਕੰਬਰਾਂ ਫਿਰ ਜੰਮੇ ਹੋਇਨ ਬਾਰ॥ ਬਲਨ ਨਬਾਤੀ ਹੇਮਜ਼ਾ ਜਲਬਲ ਹੋਇ ਅੰਗਿਆਰ॥ ਕਿੱਥੇ ਮਹੰਮਦ ਮੁਸਤਫ਼ਾ ਉਮੱਤ ਅੰਤ ਨ ਪਾਰ॥ ਖਾਕੂ ਸੇਤੀ ਮਿਲ ਗਏ ਲੈਨ ਨਾਂ ਅਪਣੀ ਸਾਰ॥ ਜਿੱਤੀ ਦਿੱਸੈ ਧਰਤੜੀ ਸੱਭਾ ਭਈ ਮਸਾਣ॥ ਪਹਿਲਾ ਦੋਜ਼ਖ ਸ਼ਿਕਮ ਹੈ ਰਹਿਨ ਨ ਦੇਇ ਈਮਾਨ॥ ਲਾਲਚ ਦੁਨੀ ਲਪੇਟਿਆਂ ਕਾਇਮ ਹੋਇ ਨ ਕੋਇ॥ ਕਾਇਮ ਇੱਕ ਖ਼ੁਦਾਇ ਹੈ ਅਵਰ ਨ ਦੂਜਾ ਕੋਇ॥ ਰਹਿੰਦੇ ਰੂਹ ਇਮਾਨਤੀ ਲਖ ਚਉਰਾਸੀ ਮਾਹਿ॥ ਲਖ ਚਉਰਾਸੀ ਮੇਦਨੀ ਘਟੇ ਨ ਵਧੇ ਉਤਾਹਿ॥ ਏਹਾ ਕਾਇਮ ਦੁਨੀ ਵਿਚ ਹੋਰ ਨ ਕਾਇਮ ਕੋਇ॥ ਜਿਨਾਂ ਨਾਮ ਧਰਾਇਆ ਰਹੇ ਨ ਕਾਇਮ ਸੋਇ॥ ਬੱਧਾ ਜੁੱਸਾ ਫਿਰੇ ਚਉਰਾਸੀ ਅੰਗ॥ ਮੁਲਾਂ ਬ੍ਰਹਮਣ ਨਾ ਬੁਝਹਿ ਬੁੱਝਨ ਫ਼ਕਰ ਨਿਹੰਗ॥੩੪॥

ਸੁਆਲ ਹਾਜੀਆਂ ਸੂਰਾ॥ ਹਾਜੀ ਆਖਨ ਨਾਨਕਾ ਸੱਚੀ ਖ਼ਬਰ ਸੁਣਾਇ॥ ਕਿੱਥਹੁ ਆਨ ਰੂਨੀਏ ਫਿਰ ਕਿੱਥੇ ਜਾਇ ਸਮਾਇ॥ ਮੂਰਤ ਸੂਰਤਨਾ ਕਿਛੂ ਕਿਸੁ ਬਣਾਏ ਖੇਲ॥ ਕਿਸ ਜਗਾਯਾ ਨੂਰ ਨੋਂ ਕਿਸ ਮਲਾਯਾ

ਤੇਲ॥ ਜੇ ਇਹ ਕਰਹਿ ਤਸੱਲੜੀ ਤਾਂ ਤੂੰ ਅੱਵਲ ਫ਼ਕੀਰ॥ ਮੀਰਾਂ ਅੰਦਰ ਮੀਰ ਤੂੰ ਪੀਰਾਂ ਅੰਦਰ ਪੀਰ॥ ਰੂਹਾਂਦੀ ਕੀ ਜ਼ਾਤ ਹੈ ਰੂਹਾਂ ਦਾ ਕਿਆ ਰੰਗ॥ ਅਸਾਂ ਕਛ ਨ ਸੁਝਈ ਕੋਇ ਬੂਝੇ ਫ਼ਕਰ ਮਲੰਗ॥੩੫॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੇ ਹਾਜੀਆਂ ਸੱਚੇ ਸੁਣਹੁ ਨੀਸ਼ਾਨ॥ ਦਾਣੇ ਪਾਣੀ ਰੂਹ ਹੈਨ ਤਿਸਥੀਂ ਨੁਤਫ਼ੇ ਜਾਣ॥ ਅਉਰਤ ਖ਼ਸਮ ਮਿਲਾਪਤੇ ਮਿਲਹਿਸਿ ਨੁਫ਼ੇਤੇ ਦੋਇ॥ ਦੋਇ ਦੀ ਮਿਲ ਜਿੰਦੜੀ ਇਕ ਦਿਖਾਏ ਹੋਇ॥ ਲੱਖ ਚਉਰਾਸੀ ਰੂਹ ਮਿਲ ਤਿਨਾਂ ਬਣਾਇਆ ਰੂਪ॥ ਜੁੱਸੇ ਹੋਏ ਰੂਹ ਮਿਲ ਲੱਖ ਚਉਰਾਸੀ ਸੂਤ॥ ਤੈਸਾ ਹੀ ਇੱਕ ਆਦਮੀ ਹੋਰ ਅਸੰਖਾਂ ਜ਼ਾਤ॥ ਗੰਦੇ ਪਾਣੀ ਤੇ ਭਏ ਗੁਨਾ ਗੁਨ ਸਫ਼ਾਤ॥ ਜਿਨਾਂ ਸਈਂ ਤੇ ਉਪਜਿਆ ਫਿਰ ਤੇਹੀ ਜਾਇ ਸਮਾਇ॥ ਆਵਾਗਉਣ ਖ਼ਲਕ ਦਾ ਰਹੇ ਨ ਕਬਹੁ ਤਾਹਿ॥ ਲੱਖ ਚਉਰਾਸੀ ਉਪਜਸਿਮਰ ਮਿਲ ਹਿੰਸੇ ਖਾਕੂ ਨਾਲ॥ ਹੋਏ ਖ਼ਬੀਰ ਜੋ ਵਿਖਰਣ ਸੁਕ ਸੜ ਹੋਏ ਰਵਾਲ॥ ਹੋਰੀ ਤੇ ਹੋਇ ਹੋਰ ਕਿਹ ਆਪੇ ਰੂਪ ਬਣਾਇ॥ ਜੈਸੇ ਸੁਆਂਗੀ ਸੁਆਂਗ ਕਰ ਅਚਰਜ ਖੇਲ ਦਿਖਾਇ॥ ਰੂਹਾਂ ਜ਼ਾਤ ਨ ਪਾਤ ਹੈ ਹਿੰਦੂ ਮੁਸਲਮਾਨ॥ ਜੇਹੀ ਮਜਲਸ ਆਵਹੇ ਤੇਹੇ ਧਰਹਿ ਸਿਨਾਮ॥ ਮਿਸਰ ਪੰਡਿਤ ਅੰਧਲੇ ਕਾਜ਼ੀ ਮੁਲਾਂ ਕੋਲ॥ ਹੋਰੋ ਕਹੋ ਸਮਝਾਈਐ ਅੱਗੋਂ ਸਮਝਨ ਹੋਰ॥ ਜੇ ਸੋ ਪੰਧ ਸੁਣਾਈਐ ਭਿਜਹਿ ਨ ਚਿਤ ਕਠੋਰ॥ ਤਿਨਾਂ ਨਾਲ ਨ ਲੁੱਝੀਆਂ ਜੋਸ਼ ਬਦੈ ਦੇ ਚੋਰ॥ ਪੰਦ ਕਿਤਾਬਾਂ ਨਾ ਮੰਨਹਿ ਨਹਿ ਫਕਰਾਂ ਦੀ ਗੱਲ॥ ਖ਼ੁਦੀ ਤਕੱਬਰੀ ਕਰ ਮੁਏ ਵਤ ਨ ਦਿੱਸਨ ਕੱਲ॥ ੩੬॥

ਸੁਆਲ ਇਮਾਂਮ ਕਰੀਮ ਦੀਨ ਸੂਰਾ॥ ਕਹੇ ਕਰੀਮਦੀਨ ਨਾਨਕਾ ਰੂਹਾਂ ਦਾ ਕੀ ਤੋਲ ॥ ਕੇਤਕੁ ਹਲਕੇ ਰੂਹ ਹੈਨ ਕੇਤਕੁ ਭਾਰਾ ਬੋਲ॥ ਕੇਤਕੁ ਕੱਦ ਬਰੀਕ ਹੈ ਮੋਟਾ ਕੇਤਕੁ ਹੋਇ॥ ਕੇਹੀ ਸੂਰਤ ਰੂਹ ਦੀ ਰੰਗ ਕਿਨੇਹਾ ਹੋਇ॥ ਕਉਨ ਹਕੀਮ ਬਣਾਇਦਾ ਜੁੱਸਾ ਗੁਨਾ ਗੁਨ॥ ਏਹ ਹਕੀਕਤ ਜੋ ਕਹੈ ਸੋਈ ਵਡਾ ਅਖੂਨ॥ ਬਹਿੰਦੇ ਕੇਹੜੀ ਜਾਇ ਹੈਨ ਏਹੀ ਕਹੋ ਬਿਆਨ॥ ਰੂਹ ਇਕ ਕੇ ਬਹੁਤ ਹੈਨ ਮੁਸ਼ਕਲ ਕਰਹੁ ਅਸਾਨ॥ ੩੯॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖਣ ਰਾਹ ਸੁਣਿਅਹੁ ਕਰੀਮ ਸਦਾਤ॥ ਬਾਦੇ ਕਾ ਕੀ ਤੋਲ ਹੈ ਆਬੇ ਦੀਕੀ ਜ਼ਾਤ॥ ਧਰਤੀ ਦਾ ਕੀ ਮੇਪ ਹੈ ਆਤਸ਼ ਦਾ ਕੀ ਤੋਲ॥ ਕੇਤਕ ਦੂਰ ਅਕਾਸ਼ ਹੈ ਕੇਤਕ ਆਖਾਂ ਫੋਲ॥ ਬਾਦੀ ਸੂਰਤ ਰੂਹ ਦੀ ਤਿਸਦਾ ਰੂਪ ਨ ਰੇਖ॥ ਆਤਸ਼ ਨੂਰ ਖ਼ੁਦਾਇ ਦਾ ਕਛੁ ਅੰਤ ਨ ਪਾਰਾ ਮੇਪ॥ ਰੱਖਨ ਚਰਾਗ ਮਹੱਲ ਵਿੱਚ ਚਾਨਣ ਸਭ ਹੀ ਜਾਇ॥ ਫਿਰ ਰੱਖਨ ਅੰਦਰ ਟਿੰਡ ਦੇ ਲਏ ਸਭ ਜੋਤ ਛਿਪਾਇ॥ ਆਬੀ ਖ਼ਾਕੂ ਦੋਇ ਮਿਲ ਜੁੱਸੇ ਹੋਇ ਅਲੋਇ॥ ਹਿਕਮਤ ਲੱਖ ਹਕੀਮ ਮਿਲ ਸਾਹਿਬ ਤੁੱਲ ਨ ਕੋਇ॥ ਵੱਡਾ ਹਕੀਮ ਖ਼ਦਾਇ ਹੈ ਰਚੇ ਚਉ ਰਾਸੀ ਅੰਗ॥ ਇਕਸੇ ਇਕ ਸੇ ਅੰਗ ਵਿਚ ਗੁਨਾ ਗੁਨੀ ਰੰਗ॥ ਭਯਾ ਪੁਲਾੜ ਆਕਾਸ਼ ਤੇ ਕਰਹਿ ਅਵਾਜ਼ਾ ਰੂਹ॥ ਕਾਇਮ ਕੁਦਰਤ ਰੱਬ ਸੀ ਮਿਲ ਰੂਹ ਪੁਕਾਰੇ ਹੂਹ॥ ਲੱਖ ਚਉਰਾਸੀ ਤੁਖ਼ਮ ਹੈ ਤੁਖ਼ਮਾ ਅੰਤ ਨ ਕੋਇ॥ ਇਕਸੇ ਇਕਸੇ ਤੁਖ਼ਮ ਵਿਚ ਭਈ ਚਉਰਾਸੀ ਲੋਇ॥ ਆਵਨ ਅਗਣਤੀ ਰੂਹੜੇ ਜਾਵਨ ਅੰਤ ਨ ਕੋਇ॥ ਇਕਦੂ ਰੂਹੋਂ ਲਖ ਹੋਇ ਲੱਖੋਂ ਲੱਖ ਅਲੋਇ॥ ਕੀ ਪੈਮਾਨਾ ਨੂਰ ਦਾ ਕੇਤਕ ਕਹਾਂ ਬਿਥਾਰ॥ ਪਸਰਿਆ ਜ਼ਿਮੀ ਅਸਮਾਨ ਵਿਚ ਰਹਿਆ ਸੁਚਾ ਨਣਧਾਰ॥ ਇੱਕੋ ਰੂਹ ਨ ਕਿਸੇਦਾ ਲੱਖ ਚਉਰਾਸੀ ਬੰਦ॥ ਫਿਰ ਲੱਖ ਚਉਰਾਸੀ ਇੱਕ ਹੋਇ ਲੇਖੇ ਬਹੁ ਬਿਧ ਛੰਦ॥ ਕਉਣ ਤਤ ਮਿਲ ਰੂਹ ਹੈਨ ਰੂਹ ਹੈ ਆਪ ਖ਼ੁਦਾਇ॥ ਅਰਬਾਨਾਸਰ ਮੇਲਕੇ ਵੈਰ ਵਿਰੋਧ ਵਧਾਇ॥ ਆਪੇ

ਮਾਰੇ ਮਰੇ ਆਪ ਕੁਦਰਤ ਚਲਿਤ ਦਿਖਾਇ॥ ਪਰਦੇ ਡਾਰੇ ਭਰਮ ਦੇ ਦਿਤਿਓਸੁ ਸਭੁ ਭੁਲਾਇ॥ ਨਰ ਨਾਰੀ ਦੁਇ ਸਿਰਜ ਕਰ ਖਾਣੀ ਬਾਣ ਉਪਾਇ॥ ਜੋਇਨ ਜਾਤੀ ਬੁਝਸੀ ਆਪੇ ਆਪਿ ਖ਼ੁਦਾਇ॥੪●॥

ਸੁਆਲ ਕਰੀਮ ਦੀਨ ਸਦਾਤ ਸੂਰਾ॥ ਕਹੇ ਇਮਾਮ ਕਰੀਮਦੀਨ ਸੁਣ ਹੋ ਨਾਨਕ ਸ਼ਾਹ॥ ਕਿੱਥਹੁ ਆਲਮ ਉਪਜਦਾ ਫਿਰ ਕਿੱਥੇ ਜਾਇ ਸਮਾਇ॥ ਏਹ ਹਕੀਕਤ ਜੋ ਕਹੇ ਸੋਈ ਰਸੂਲ ਖ਼ੁਦਾਇ॥ ਏਕਾ ਏਕੀ ਹੋਇ ਰਹੇ ਦੂਜੀ ਰਹੇ ਨ ਜਾਇ॥ ਦੂਜਾ ਆਖਣ ਸ਼ਕ ਹੈ ਜੰਮੇਂ ਤੇ ਮਰ ਜਾਇ॥ ਸੋਕਿਉ ਮੰਨੀਐ ਨਾਨਕਾ ਜੋ ਕਾਇਮ ਰਹੈ ਨ ਥਾਇ॥੪੧॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਹਿੰਦਗੀ ਸੁਣਹੁ ਕਰੀਮ ਸਦਾਤ॥ ਉਪਜੇ ਆਲਮ ਖ਼ਾਕ ਤੇ ਫਿਰ ਖ਼ਾਕੋਂ ਹੋਇ ਨਬਾਤ॥ ਹੋਰ ਨਬਾਤੋਂ ਨਿਆਮਤਾਂ ਮੇਵੇ ਗੁਨਾ ਗੁਨ॥ ਖ਼ਾਕ ਹੈਵਾਨਾ ਆਦਮੀ ਨੁਤਫ਼ੇ ਹੋਇ ਮਜ਼ਮੂਨ॥ ਨੁਤਫ਼ਉ ਮਾਸ ਉਪਜਈ ਮਾਸਹੁ ਜੁੱਸੇ ਪਾਕ॥ ਰਹਿਆਸੁ ਗੰਦਾ ਹੋਇਆ ਧਰਿਆ ਨਾਉਨ ਪਾਕ॥ ਨਿਆਮਤਾ ਤੇ ਵਿਸਟਾ ਭਯਾ ਮਿਲਿਆ ਜੋ ਆਦਮ ਸੰਗ॥ ਖਾਧਾ ਕਾਂਵਾ ਕੂਕਰਾਂ ਅਵਰ ਅਗਣਤੀ ਰੰਗ॥ ਵਿਸਟਾ ਤੇ ਕਈ ਉਪਜਹਿ ਜੀਆ ਜੰਤ ਅਪਾਰ॥ ਮਿੱਟੀ ਮੁਸਲਮਾਨ ਦੀ ਫਿਰਫਿਰ ਧਰੇ ਅਉਤਾਰ॥ ਲਿਖਿਆ ਵਿੱਚ ਕਿਤਾਬ ਦੇ ਖੋਲੇ ਨਾਨਕ ਸ਼ਾਹ॥ ਜਿਨਾਂ ਪਛਾਵਾਂ ਰੱਬ ਦਾ ਫਿਰ ਰੱਬਹੀ ਮਾਹਿ ਸਮਾਇ॥ ਸਿਰਰ ਪੁਸ਼ੀਦਾ ਰੱਖਿਆ ਅਰਬਾਨਾਸਰ ਮਾਹਿ॥ ਜੋ ਜ਼ਾਹਰ ਕਰੇ ਜਹਾਨਵਿਚ ਭਿਸ਼ਤ ਨ ਦੋਜ਼ਖ਼ ਤਾਹਿ॥ ਰੂਹਾਂ ਨੋਂ ਰੂਹ ਖਾਵਣੀ ਫਿਰ ਰੂਹਾਂ ਤੇ ਰੂਹ ਹੋਇ॥ ਆਵਾ ਗਉਣ ਜਹਾਨ ਦਾ ਵਰਜ ਨਾ ਸੱਕੇ ਕੋਇ॥ ਦੇਖ ਪੈਦਇਸ਼ ਰੱਬ ਦੀ ਘਰ ਵਧ ਕਿਸੇ ਨ ਆਖ॥ ਦੂਜਾ ਹੋਆ ਨ ਹੋਸੀਆ ਵਰਤੇ ਤਾਕੋ ਤਾਕ॥ ਲੱਖ ਮੰਹਮਦ ਮੁਸਤਫ਼ਾ ਰਾਮ ਕ੍ਰਿਸ਼ਨ ਲੱਖ ਹੋਇ॥ ਇਕ ਆਵਨ ਇਕ ਜਾਹਿ ਉਠ ਗਿਣਤੀ ਗਿਣੇ ਨ ਕੋਇ॥ ਲੱਖ ਅਉਤਾਰ ਪੈਕੰਬਰਾਂ ਉੱਮਤ ਅੰਤ ਨ ਪਾਰ॥ ਮਰਮਰ ਮਿਲਦੇ ਖ਼ਾਕ ਸੋਂ ਫਿਰ ਫਿਰ ਹੋਇ ਅਉਤਾਰ॥ ਲੱਖ ਕਿਤਾਬਾਂ ਲਿਖ ਗਏ ਭਏ ਸਿ ਖ਼ਾਕੂ ਫੇਰ॥ ਲੱਖ ਖਿਲਾਰੀ ਉਪਜਹਿ ਓਇ ਫਿਰ ਲਿਖ ਰਾਖਹਿ ਢੇਰ॥ ਕਾਜ਼ੀ ਮੁੱਲਾਂ ਹਾਜੀਆਂ ਮਿੱਸਰ ਪਾਂਧੈ ਲੱਖ॥ ਬ੍ਰਹਮੇ ਬਿਸ਼ਨ ਮਹੇਸ਼ ਲਖ ਮਰਜ਼ੀ ਲਿਖਨ ਵੱਤ॥ ਲਿੱਖਨ ਬੇਦ ਬੀਚਾਰ ਕਰ ਉਕਤ ਸਿਆਣਪ ਨਾਲ॥ ਮਰ ਫਿਰ ਜੰਮਨ ਬਪੁੜੇ ਫਿਰ ਲੈਂਦੇ ਬੇਦ ਸੰਭਾਲ॥ ਬੇਦਹੁ ਵੇਦ ਕਤੇਬ ਕਰ ਵੈਰ ਵਿਰੋਧ ਕਰਾਇ ਲਖ ਲਖ ਦਾਣੇਂ ਦੇਵਤੇ ਕਾਤਲ ਹੋਇ ਮਰਾਇ॥ ਸ਼ਿਵ ਸ਼ਕਤੀ ਦੋਇ ਸਾਜੀਆ ਉੱਤਮ ਮੱਧਮ ਲੋਇ॥ ਮਰਦੇ ਵੈਰ ਵਿਰੋਧ ਕਰ ਮਰ ਫਿਰ ਮਾਟੀ ਹੋਇ॥ ੪੨॥

ਸੁਆਲ ਕਰੀਮਦੀਨ ਇਮਾਮ ਸੂਰਾ॥ ਕਹੇ ਇਮਾਮ ਕਰੀਮਦੀਨ ਪੁੱਛੋ ਸੱਚ ਸੁਆਲ॥ ਹੱਕ ਬਿਗਾਨਾ ਜੋ ਰਖੱਨ ਤਿਨਾ ਹੋਸੀ ਕਉਣ ਹਵਾਲ॥ ਮੋਏ ਖ਼ਾਕੂ ਸੋਮਿਲੇ ਵੱਤ ਨ ਆਦਮ ਹੋਇ॥ ਲੈਨਾ ਦੇਨਾ ਦੁਨੀ ਦਾ ਫ਼ੈਸਲ ਕਿਉਂਕਰ ਹੋਇ॥ ਕਰਨ ਗ਼ਰੀਬਾ ਉੱਪਰੇ ਜ਼ਾਲਮ ਬਹੁਤੇ ਜ਼ੋਰ॥ ਕੂਕਨ ਖ਼ੜੇ ਯਤੀਮ ਬਹੁ ਸੁਣੇਨ ਕੋਈ ਸ਼ੋਰ॥ ਅਦਲ ਨਾ ਹਾਕਮ ਕਰਸਨੀ ਲੁੱਟ ਲੈਸਨ ਘਰ ਬਾਰ॥ ਏਹ ਹਕੀਕਤ ਸੋਧ ਕਰ ਦੇਹੋ ਸਚ ਬੀਚਾਰ॥ ਗੈਬ ਮੁਕਾਮ ਖ਼ੁਦਾਇ ਦੇ ਜਿਥੇ ਲੈਣ ਹਿਸਾਬ ਕਿਤਾਬ॥ ਲੈਣਾ ਦੇਨਾ ਦੁਨੀ ਦਾ ਕਰਨ ਸਵਾਲ ਜਵਾਬ॥ ਕਿਉਂ ਕਰ ਲੈਣਾ ਲਈ ਦਾ ਕਿਸ ਬਿਧ ਦੇਨਾ ਦੇਨ॥ ਕਹੇ ਇਮਾਮ ਕਰੀਮਦੀਨ ਏਹ ਫ਼ੈਸਲ ਕਿਉਂਕਰ ਲੇਨ ॥੪੩॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਇਮਾਮ ਕਰੀਮਦੀਨ ਨਾਨਕ ਕਹੇ ਫ਼ਕੀਰ॥ ਹੱਕ ਬਿਗਾਨਾ ਜੋ ਰੱਖਨ ਸੋ ਹੋਸਨ ਬਹਤ ਜਹੀਰ॥ ਓਇ ਪੜਸਨ ਜੋਨ ਚੌਪਾਇਆ ਨਕ ਤਿਨਾਂ ਦੇ ਡੋਰ॥ ਲੈਣਾ ਦੇਣਾ ਨ ਛੁਠੈ ਲਦ ਲਦ ਹੈਸਨ ਬੋਰ॥॥ ਦੇਂਦੇ ਬਹੁਤ ਸਜ਼ਾਇ ਕੋ ਲੈਨ ਗੇ ਸਭੇ ਹਿਸਾਬ॥ ਜਿਨਾਂ ਜ਼ੁਲਮ ਕਮਾਯਾ ਦੁਨੀ ਵਿਚ ਤਿਨਾਂ ਕਿਆਮਤ ਏਹ ਅਜ਼ਾਬ॥ ਬਾਂਦਰ ਰਿੱਛ ਅਉਤਾਰ ਧਰ ਕਲੰਦਰ ਦੇਣ ਸਜ਼ਾਇ॥ ਘਰ ਘਰ ਫਿਰਸਨ ਨਚਦੇ ਕੀਤਾ ਪਾਸਨਿ ਆਇ॥ ਦਰਦਰ ਦੇ ਸਨ ਮੰਗਤੇ ਜੋਖਾਨ ਬਿਗਾਨਾ ਮਾਲ॥ ਨਾਨਕ ਕਹੇ ਕਰੀਮਦੀਨ ਬੁਰਾ ਤਿਨਾਂ ਦਾ ਹਾਲ॥ ਫਿੱਟ ਅਵੇਹਾ ਖਾਇਆ ਦੇਣਾ ਪਵੇਜੋ ਫੇਰ॥ ਦੇਣਾ ਲੈਨਾ ਨਾ ਛੁਟੇ ਸਹੇ ਸਜ਼ਾਈਂ ਢੇਰ॥ ਹਾਥੀ ਘੋੜੇ ਊਠ ਖ਼ਰ ਭੈਂਸੇ ਬੈਲ ਅਉਤਾਰ॥ ਜਿਨਾਂ ਦੇ ਸਿਰ ਬਹੁ ਜ਼ਲਮ ਸੇ ਫਿਰ ਫਿਰ ਲੈਸਨ ਮਾਰ॥ ਹਰ ਪਰੰਦੇ ਜਾਨਵਰ ਫਾਸਨ ਫਾਹੀ ਆਇ॥ ਲਹਿਣੇ ਹਾਰੇ ਨ ਛੱਡਈ ਲੈਸਨ ਮਾਸ ਵਿਕਾਇ॥ ਜੈਸਾ ਕੋਈ ਬੀਜੀਏ ਲੁਣੇਸੁ ਤੈਸਾ ਸੋਇ॥ ਕਿਆਮਤ ਹੀ ਕੇ ਦਿਵਸ ਹੀ ਸੱਭੇ ਨਿਬੇੜਾ ਹੋਇ॥ ਖ਼ਾਹਸ਼ ਫੇਰ ਲਿਆਵਈ ਦੁਨੀਆਂ ਅੰਦਰ ਫੇਰ॥ ਲਹਿਣਾਂ ਦੇਣਾ ਨੇਕ ਬਦ ਹੋਸੀ ਸਭ ਨਬੇੜ॥ ਖ਼ਾਹਸ਼ ਅੰਦਰ ਜੇ ਮਰੈ ਫਿਰ ਲੈ ਉੱਠੇ ਨਾਲ॥ ਦੇਣਾ ਲੈਣਾਂ ਨਾਂ ਛੁਟੇ ਲਈ ਅਗੋਂ ਸਭੋ ਸੰਭਾਲ॥ ਜੈਸੀ ਖੇਲ ਚਉਸਾਰ ਦੀ ਤੈਸਾ ਏਹ ਸੰਸਾਰ॥ ਪੱਕਾ ਫੇਰ ਨ ਆਵਈ ਪਿਆ ਜੁ ਅੰਦਰ ਵਾਰ॥ ਪਹੁਤਾ ਜਾਇ ਖ਼ੁਦਾਇ ਨੋਂ ਫੇਰਨ ਜੰਮੇ ਸੋਇ॥ ਕਾਇਮ ਮਿੱਟੀ ਤਿਸਦੀ ਕੰਚਨ ਵੰਨੀ ਹੋਇ॥੪੪॥

ਸੁਆਲ ਕਰੀਮਦੀਨ ਸਦਾਤਿ॥ ਕਹੇ ਇਮਾਮ ਕਰੀਮਦੀਨ ਪੈਕੰਬਰ ਦੀ ਜਦ॥ ਅੱਗੇ ਇੱਕ ਖ਼ੁਦਾਇ ਹੈ ਏਥੇ ਕਿਉਂ ਦੁਇ ਹੱਦ॥ ਹਿੰਦੂ ਮੁਸਲਮਾਨ ਹੈ ਦੁਹ ਵਿਚ ਕੇਹੜੇ ਰੱਦ॥ ਰੱਖਹੁ ਸੱਚ ਸਲਾਮਤੀ ਕੂੜ ਮਲਾਮਤ ਛੱਡ॥ ਰੱਦਹੁ ਜਿਸਨੋਂ ਰੱਦਨਾ ਵਤ ਨਾ ਲੀਜੈ ਨਾਮ॥ ਕੂੜੀ ਦੁਨੀਆ ਕਾਰਣੇ ਮਰੀਐ ਨ ਹੋਇ ਹਰਾਮ॥ ਜੇਹੜੀ ਸੱਚੀ ਗੱਲ ਹੈ ਦੁਹ ਵਿਚ ਕੱਢਹੁ ਗੋਇ॥ ਹਿੰਦੂ ਮੁਸਲਮਾਨ ਤੇ ਦੁਹੁ ਵਿੱਚ ਚੰਗਾ ਕੋਇ॥੪੭॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਕਹੇ ਕਰੀਮਦੀਨ ਇੱਕ ਸਾਹਿਬ ਦੁਇ ਹੱਦ॥ ਹਿੰਦੂ ਮੁਸਲਮਾਨ ਦੁਇ ਏਹ ਫ਼ਿਰਕੇ ਤੂੰ ਰੱਦ॥ ਦਾਇਮ ਸਚ ਸਲਾਮਤੀ ਝੂਠ ਨ ਰਹਿਸੀ ਮੂਲ॥ ਜੋ ਕਰਨ ਇਬਾਦਤ ਰੱਬ ਦੀ ਪਰ ਦਰਗਹ ਪਵੇ ਕਬੂਲ॥ ਅੱਗੇ ਨਾਉ ਨ ਜ਼ਾਤ ਹੈ ਅਮਲਾਂ ਉਪਰ ਨਬੇੜ॥ ਅਮਲਾਂ ਭਾਝੋਂ ਮੋਮਨੋਂ ਪਉਸਨ ਦੋਜ਼ਕ ਝੇਰ॥੪੮॥

ਸੁਆਲ ਕਰੀਮਦੀਨ ਸੂਰਾ॥ ਕਹੇ ਇਮਾਮ ਕਰੀਮਦੀਨ ਸੁਨਹੋ ਨਾਨਕ ਸ਼ਾਹ॥ ਵਿੱਚ ਕਿਤਾਬਾਂ ਦੇ ਲਿਖਿਆ ਆਖਿਆ ਆਹ ਅਲਾਹ॥ ਵਿੱਚ ਜ਼ਮਾਨੇ ਆਖ਼ਰੀ ਖ਼ਾਤਮ ਨਬੀ ਰਸੂਲ॥ ਪਿਛਲੇ ਸਭ ਮਨਸੂਖ ਹੈਨ ਤਿਨਾਂਨ ਮੰਨਹੁ ਮੂਲ॥ ਸਭ ਹੀ ਹੋਸੀ ਇੱਕ ਰੰਗ ਦੂਜਾ ਰੰਗ ਨ ਕੋਇ॥ ਹਿੰਦੂ ਥਾਵਹੁ ਵੀ ਭਲਾ ਮੁਸਲਮਾਨ ਜਿ ਹੋਇ॥ ਮੁਸਲਮਾਣ ਮੁਸਲਮੀ ਰਹਿਨ ਕਿਆਮਤ ਤਕ॥ ਹਿੰਦੂ ਰਹਿਨ ਨਾ ਪਾਇਨੀ ਲਏ ਜੋ ਆਤਸ਼ ਭੱਖ॥ ਨਾਉਂ ਨਿਸ਼ਾਨੀ ਨਾ ਰਹੀ ਰਹਿਆ ਹੱਡ ਨ ਮਾਸ॥ ਸਭੇ ਜਲਾਏ ਆਤਸ਼ੀ ਉਠ ਗਿਆ ਹੋਇ ਨਿਰਾਸ॥ ਰੋਜ਼ ਕਿਆਮਤ ਡੇਹੜੇ ਜਲੀ ਨਾ ਉੱਠੋ ਖ਼ਾਕ॥ ਆਤਸ਼ ਅੰਦਰ ਸੜ ਮੁਏ ਹਿੰਦੂ ਵਡੇ ਨਾਪਾਕ॥ ੪੯॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਸੱਯਦ ਕਰੀਮਦੀਨ ਆਖੀ ਨਾਨਕ ਸ਼ਾਹ॥ ਵਿੱਚ ਕਿਤਾਬਾਂ ਲਿਖਿਆ ਆਹਾ ਆਪ ਅਲਾਹ॥ ਵਿੱਚ ਜ਼ਮਾਨੇ ਆਖਰੀ ਖ਼ਾਤਮ ਦੋਇ ਰਸੂਲ॥ ਇਕ ਨਾਨਕ ਇਕ

ਮੁਸਤੜਾ ਜਾਸਨ ਦੁਹੇਨ ਮੂਲ॥ ਰਹਿਸੀ ਖ਼ਾਤਮ ਜਹਾਨ ਵਿੱਚ ਨਾਨਕ ਸ਼ਾਹ ਫਕੀਰ॥ ਹਿੰਦੂ ਮੁਸਲਮਾਨ ਦੋਇ ਦੁਹਾਂ ਦੇ ਸਿਰ ਪੀਰ॥ ਦੋਵੇਂ ਫਿਰਕੇ ਫੇਰਸੀ ਹਿੰਦੂ ਮੁਸਲਮਾਨ॥ ਆਸਨ ਤੀਜਾ ਰਾਹ ਵਿਚ ਦੋਵੇਂ ਫ਼ਾਨੀ ਜਾਨ॥ ਹਿੰਦੂ ਮੁਸਲਮਾਨ ਦੋਇ ਏਹ ਮਨਸੁਖੀ ਜਾਨ॥ ਦੀਨ ਗਵਾਇਨ ਦੁਨੀ ਪਰ ਹੋਵਨ ਬੇਈਮਾਨ॥ ਆਪੇ ਹੀ ਛਡ ਜਾਹਿਗੇ ਤੋਬਹ ਕਰਕੇ ਦੀਨ॥ ਹਿੰਦੂ ਧਰਮ ਨ ਰਖਸਨ ਹੋਸਨ ਅੰਤ ਬਿਦੀਨ॥ ਜੋ ਖ਼ਾਤਮ ਰਹੇ ਜਹਾਨ ਵਿਚ ਲਹੇ ਦੁਹਾਂ ਦੀ ਸਾਰ॥ ਦੁਨੀ ਗ਼ੁਲਾਮ ਖ਼ੁਦਾਇ ਦੀ ਰਹੇ ਕਦਮਾਂ ਨਾਲ॥ ਪੀਰ ਫਕੀਰ ਖ਼ੁਦਾਇ ਦੇ ਸੂਰਤ ਰੱਬ ਸੰਭਾਲ॥ ਫ਼ਕਰ ਖ਼ੁਦਾਵੰਦ ਏਕ ਹੈ ਦੂਜਾ ਹੋਰਨ ' ਕੋਇ॥ ਏਹ ਨਸੀਹਤ ਸ਼ਾਮਲੀ ਹਿੰਦੂ ਕੁਸਲਮਾਨ॥ ਪਿਛਲੇ ਸਭ ਮਨਸੁਖ ਹੈ ਰਹੇ ਤਿਨਾਂ ਦੇ ਨਾਵ॥ ਅਮਲ ਤਿਨਾਂ ਦਾ ਨਾ ਚਲੇ ਜਿਉਂ ਵਸ ਅਵਰਾਂ ਗਾਂਵ॥ ਮੰਨੇ ਰਾਮ ਰਸੂਲ ਕੋ ਮੰਨਹਿ ਕ੍ਰਿਸ਼ਨ ਕਰੀਮ॥ ਦੁਨੀਆਂ ਕਾਰਨ ਉਮਤੀ ਕਰਸਨ ਕੁਫ਼ਰ ਮੁਹੀਮ॥ ਲਾਲਚ ਦੁਨੀ ਹਰਾਮ ਹੈ ਲੈਨ ਖ਼ੁਦਾਈ ਨਾਮ॥ ਅੱਗੇ ਕੋਇ ਨਿੰਦਦਾ ਕਹਿਨ ਰਸੂਲ ਖ਼ੁਦਾਇ॥ ਕਉਡੀ ਮੁਲ ਨ ਪਾਇੰਦੇ ਰਾਮ ਰਸੂਲਾਂ ਦੋਇ॥ ਘਰ ਘਰ ਫਿਰਸਨ ਵੇਚਦੇ ਮੁਲ ਨ ਲੈਸੀ ਕੋਇ॥ ਅਜ਼ਬ ਜਮਾਨਾ ਆਇਆ ਰੱਬ ਨ ਮਾਨੇ ਕੋਇ॥ ਕਉਡੀ ਉਪਰ ਵੇਚਦੇ ਅੱਗੇ ਲਏ ਨ ਕੋਇ॥ ਘੱਤ ਨ ਨਾਉਂ ਖ਼ੁਦਾਇਦਾ ਭੁਖਿਆਂ ਰੋਟੀ ਦੇਹ॥ਮਨਹਿ ਨ ਹਿੰਦੂ ਤੁਰਕ ਦੋਇ ਕਲੀ ਨਿਸ਼ਾਨੀ ਏਹ॥ ਹੀਰੇ ਜੈਸੀ ਵਸਤ ਹੈ ਕਉਡੀ ਮੁਲ ਨ ਪਾਇ॥ ਕਉਡੀ ਮੁਲ ਨ ਪਾਂਵਦੇ ਰਾਮ ਰਸੂਲ ਖ਼ੁਦਾਇ॥ ਨਹੀਂ ਖ਼ੁਦਾਇ ਰਸੂਲ ਕੋ ਰਾਮ ਕ੍ਰਿਸ਼ਨ ਅਵਤਾਰ॥ ਕਾਲੀ ਕਲਾ ਭੁਵਾਇ ਕੇ ਦਿੱਤੀ ਓਸ ਸਬ ਭਰਸਾਇ॥ ਦੇਹਰੇ ਦੇਵ ਨ ਰਹਸਨੀ ਨਹੀਂ ਬੇਦ ਪੁਰਾਨ ਕੁਰਾਨ॥ ਮੁੱਲਾਂ ਮਸੀਤਾਂ ਨਾ ਰਹਿਨ ਨਹੀਂ ਹਿੰਦੂ ਮੁਸਲਮਾਨ॥ ਜ਼ਾਤ ਸਫ਼ਾਤ ਨ ਰਹਿਸਨੀ ਸੱਭੇ ਹੋਸਨ ਏਕ ਸਮਾਨ॥ ਨਿਹਚਲ ਇਕ ਖ਼ੁਦਾਇ ਹੈ ਹੋਰ ਫ਼ਾਨੀ ਸਭ ਜਹਾਨ॥ ਉਠਸਨ ਹਰਫ਼ ਕਿਤਾਬ ਦੇ ਸੱਚ ਨ ਕਹਿਸੀ ਕੋਇ॥ ਹਿੰਦੂ ਮੁਸਲਮਾਨ ਦੇ ਮਜਹਬ ਨ ਰਹਿਸਨ ਦੋਇ॥ ਬੇਦ ਕਤੇਬ ਪੁਰਾਨ ਮਤ ਅਉਰ ਕਹਾਵਨ ਕਤੇਬ॥ ਹੱਟੋ ਹੱਟ ਵਿਕਾਸਨੀ ਹੋਸਨ ਅੰਤ ਨ ਖੇਦ॥ ਘਰ ਘਰ ਨਾਮ ਵਿਕਾਸਨੀ ਕਿੰਗ ਮਰਦੰਗ ਵਜਾਇ॥ ਅਗੇ ਕਉਡੀ ਨਾਲ ਹੋਈਵੈਂ ਅਬਿਰ ਵਾਜਾਇ॥ ਸੁਣਹੁ ਇਮਾਮ ਕਰੀਮਦੀਨ ਸੱਚੀ ਰੱਬ ਕਲਾਮ॥ ਦੋਜ਼ਕ ਦੁਨੀਆਂ ਕਾਰਨੇ ਰੋਟੀ ਨੂੰ ਹੈਰਾਨ॥ ੫●॥

ਸੁਆਲ ਪੀਰ ਬਹਾਵੁੱਦੀਨ ਗ਼ਉਸ ਸੂਰਾ॥ ਆਖੀ ਗ਼ਉਸ ਬਹਾਵਦੀਨ ਸੁਣਹੁ ਨਾਨਕ ਸ਼ਾਹ ਕਉਨ ਨੁਮਨਾ ਰੂਹਦਾ ਰਹਿੰਦਾ ਕੇਹੜੀ ਜਾਇ॥ ਰੂਹੇ ਦੀ ਕੀ ਜ਼ਾਤ ਹੈ ਕਉਣ ਸਫਾਤ ਕਹਾਇ॥ ਆਯਾ ਕਿਸ ਮੁਕਾਮ ਤੇ ਗਇਆ ਕਿੱਥੇ ਜਾਇ ਸਮਾਇ॥ ਜੋ ਸ਼ੱਕ ਉਤਾਰੇ ਦਿਲੇਦਾ ਸੋਈ ਅੱਵਲ ਫ਼ਕੀਰ॥ ਸੱਚੇ ਰਾਹ ਚੱਲਦਿਆਂ ਕਦੇ ਨ ਹੋਨ ਜ਼ਹੀਰ॥ ਹਉ ਜੋਇੰਦਾ ਸੱਚ ਦਾ ਡਿੱਠੇ ਸ਼ੱਕ ਉਠਾਇ॥ ਪੀਰ ਕਹੇ ਸੁਚ ਨਾਨਕਾ ਮਨ ਦਾ ਸ਼ੱਕ ਚੁਕਾਇ॥੫੫॥

ਜਵਾਬ ਨਾਨਕ ਸ਼ਾਹ ਸੂਰਾ॥ ਸੁਨਹੁਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ ਨਾਹਿ ਨਮੂਨਾ ਰੂਹਦਾ ਰਹੇਨ ਕਿਸਹੀ ਜਾਇ॥ ਜ਼ਾਤ ਸਫ਼ਾਤੋਂ ਬਾਹਰਾ ਰੰਗ ਰੂਪ ਨਹੀਂ ਕੋਇ॥ ਕਰੇ ਅਵਾਜ਼ਾ ਗ਼ੇਬ ਦਾ ਨਦਰੀ ਪਵੈ ਨਸੋਇ॥ ਆਯਾ ਗ਼ੇਬਮੁਕਾਮ ਤੇ ਫਿਰ ਗ਼ੇਬੀ ਜਾਇ ਸਮਾਇ॥ ਲਖ ਚਉਰਾਸੀ ਜੁੱਸੜੇ ਪਹਿਰੇ ਖ਼ੁਸ਼ੀ ਰਜਾਇ॥ ਇਕਸੇ ਇਕਸੇ ਜੁੱਸੜੇ ਕਈ ਅਸੰਖਾਂ ਰੂਹ॥ ਹੋਇ ਇਕੱਠੇ ਆਪ ਵਿਚ ਕਰਨ ਅਵਾਜ਼ਾ ਹੂਹ॥ ਰੂਹ ਖੁਦਾਇ ਨ ਭੇਦ ਕਰ ਇੱਕਾ ਜ਼ਾਤ ਸਫ਼ਾਤ॥ ਪੰਜ ਮਿਲਨ ਖ਼ਸੀਹਤਾਂ ਸਾਜ ਦਿਖਾਈਜ਼ਾਤ॥ ਜ਼ਾਤ ਸਫ਼ਾਤ ਕਹਾਇਕੇ ਪਾਈਂ ਪੜੇ ਜ਼ੰਜੀਰ॥ ਜੁੱਸਾ ਪਕੜਿਆ ਜੁੱਸਿਆਂ ਖਪ ਖਪ ਹੋਇ ਜਹੀਰ॥ ਰੂਹ ਬੰਨ੍ਹਾਯਾ

ਆਪਕੂ ਕੂੜੀ ਦੁਨੀਆਂ ਲੱਗ॥ ਜ਼ਾਤ ਸਫ਼ਾਤ ਖ਼ੁਦਾਇ ਦੀ ਨਾਉਂ ਧਰਾਯਾ ਠੱਗ॥ ਠੱਗ ਠੱਗੇ ਮਿਲ ਠੱਗਨੋਂ ਦੂਜਾ ਨਾਉਂ ਰਖਾਇ॥ ਦੂਜੀ ਕੁਦਰਤ ਕੂੜ ਹੈ ਸੱਚਾ ਇਕ ਖ਼ੁਦਾਇ॥ ਆਪ ਭੁਲਾਈਆ ਦੁਨੀ ਲਗ ਹਮਾ ਸਮਾ ਧਰ ਨਾਹਿ॥ ਜਦ ਰੂਹ ਜੁਦਾ ਹੋਇ ਤਨ ਤੇ ਨਾਉ ਠਾਉ ਕਛ ਨਾਹਿ॥ ਸਭਾ ਕੁਦਰਤ ਰੱਬ ਦੀ ਅਰਬਾ ਨਾਸਰ ਮਾਹਿ॥ ਅਰਬਾਂ ਨਾਸਰੋ ਬਾਹਰਾ ਇਕੋ ਆਪ ਅਲਾਹਿ॥ ਕਰੇ ਰਿਆਜ਼ਤ ਬੰਦਗੀ ਜਾਣੈ ਆਪਣਾ ਆਪ॥ ਜਿਨਾਂ ਆਪ ਪਛਾਣਿਆ ਤਿਨਾਂ ਪੁੰਨਨ ਪਾਪ॥ ਆਖੈ ਨਾਨਕ ਹਿੰਦਗੀ ਸੁਣਹੁ ਬਾਵਦੀਨ ਪੀਰ॥ ਪਾਵਹੁ ਰਾਹਿ ਖ਼ੁਦਾਇ ਦਾ ਕਦੇ ਨ ਹੋਇ ਜ਼ਹੀਰ॥੫੬॥

ਸੁਆਲ ਮਖ਼ਦੂਮ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਪੀਰ॥ ਆਦਮ ਹੱਵਾ ਰਬ ਸਿਰਜਿਆ ਕਹੁ ਸੱਚੀ ਤਦਬੀਰ॥ ਖ਼ਾਕ ਨਿਮਾਣੀ ਅੰਧਲੀ ਕਿਉਂ ਕਰ ਭਈ ਖ਼ਬੀਰ॥ ਸੂਰਤ ਹੋਈ ਖ਼ਾਕ ਤੇ ਕਰੇ ਅਵਾਜ਼ ਕਬੀਰ॥ ਸਹੰਸ੍ਰ ਅਠਾਰਹ ਆਲਮਾ ਨੁਤਫੇ ਗੂਨਾ ਗੂਨ ਸਰੀਰ॥ ਏਹ ਹਕੀਕਤ ਗੈਬ ਦੀ ਕਹੇ ਸਵਾਲ ਫਕੀਰ॥ ੫੭॥

ਜਵਾਬ ਨਾਨਕ ਸ਼ਾਹ ਸੂਰਾ॥ ਸੁਨਹੁ ਮਖ਼ਦੂਮ ਬਹਾਵਦੀਨ ਨਾਨਕ ਕਹੇ ਫ਼ਕੀਰ॥ ਅਰਬਾ ਨਾਸਰ ਮੇਲਕਰ ਖ਼ਲਕ ਕੀਆ ਖ਼ੰਬੀਰ॥ ਦਾਨਾ ਭਇਆ ਖਬੀਰ ਤੇ ਸੁਣ ਸਾਚੀ ਤਦਬੀਰ॥ ਇੱਕਤ ਦਾਣੇ ਲਖ ਹੋਹਿ ਗੂਨਾ ਗੂਨ ਸਰੀਰ॥ ਅੰਨੋ ਭਇਆ ਖ਼ਬੀਰ ਫਿਰ ਨੁਤਫ਼ੇ ਭਏ ਬਹੁ ਰੰਗ॥ ਇਕ ਦਾਣੇ ਕੀਮਤ ਨਾ ਪਵੈ ਰੰਗਾ ਰੰਗੀ ਅੰਨ॥ ਸਹੰਸ੍ਰ ਅਠਾਰਹ ਆਲਮਾ ਨੁਤਫ਼ੇ ਹੀ ਤੇ ਕੀਨ॥ ਸਭ ਤੇ ਊਪਰ ਆਦਮੀ ਜਾਣੇ ਦੀਨ ਬਦੀਨ॥ ਅਰਬਾ ਨਾਸਰ ਹੋਇ ਫਿਰ ਜੇ ਮਰ ਥੀਵੇ ਖ਼ਾਕ॥ ਖ਼ਾਕੀ ਆਬੀ ਨਪਾਕ ਹੋਇ ਬਾਦੀ ਨਾਰੀ ਤਾਕ॥ ਜਾਹੋਨ ਇਲਾਹਦੇ ਆਪ ਤੇ ਕਰਹਿ ਨ ਫੇਰ ਅਵਾਜ਼॥ ਤਾਰਾਂ ਢਿੱਲੀਆਂ ਜੇ ਥੀਵਨ ਫਿਰ ਸ਼ਬਦ ਨ ਕਰੇ ਰਬਾਬ॥ ਕਲਾ ਬਣਾਈ ਗ਼ੈਬਦੀ ਗ਼ੈਬੀ ਹੋਇ ਸੁ ਪਾਇ॥ ਇਕੇ ਤਾ ਜਾਣੈ ਕੁਤਬ ਗ਼ਉਂਸ ਇਕੇ ਜਾਣੈ ਆਪ ਖ਼ੁਦਾਇ॥ ਸੁਨ ਮਖ਼ਦੂਮ ਬਹਾਵਦੀਨ ਇਹ ਅੱਲਾ ਦੀ ਖੇਲ॥ ਆਪੇ ਆਪ ਵਿਛੋੜਦਾ ਫਿਰ ਆਪ ਕਰਾਏ ਮੇਲ॥੫੮॥

ਸੁਆਲ ਪੀਰ ਬਹਾਵੁੱਦੀਨ ਸੂਰਾ॥ ਆਖੇ ਪੀਰ ਬਹਾਵਦੀਨ ਜੁੱਸੇ ਕੇਤੇ ਰੂਹ॥ ਕਿਉ ਕਰ ਥੀਆ ਅਵਾਜੜਾ ਮਿਲ ਹੂਹ ਪੁਕਾਰਨ ਰੂਹ॥ ਕਿਥੋਂ ਉਪਜੀਆਂ ਦਾਨਸ਼ੀਂ ਕਿੱਥੇ ਜਾਇ ਸਮਾਇ॥ ਬੋਲਣ ਹਾਰਾ ਕਉਣ ਸੀ ਇਹ ਗ਼ੇਬੀ ਸਿਰਰਕਸਾਇ॥ ਆਬੀ ਸੀ ਕੇ ਖ਼ਾਕ ਸੀ ਬਾਦੀ ਸੀ ਕੇ ਨਾਰ॥ ਚਹੁਆਂ ਵਿੱਚਹੁ ਕਉਣ ਸੀ ਦੇਹੋ ਸੱਚ ਬੀਚਾਰ॥ ਜੇ ਸੂਰਤ ਬੰਨ੍ਹ ਦਿਖਾਂਇਦਾ ਕਰਦਾ ਬਹੁਤ ਪਸਾਰ॥ ਹੋਂਦਾ ਜਬੈ ਨ ਪੈਦ ਰੂਹ ਕਿਛ ਦਿੱਸੇ ਨ ਅਸਰ ਅਸਾਰ॥ ਕੁਝਸੀ ਕੁਝ ਨਾਇਸੀ ਇਸਦਾ ਦੇਇ ਬਿਆਨ॥ ਦੇਹ ਹਕੀਕਤ ਸੱਚ ਦੀ ਕੀਜੈ ਪਰਗਟ ਜਹਾਨ॥੫੯॥

ਜਵਾਬ ਨਾਨਕ ਸ਼ਾਹ ਸੂਰਾ॥ ਪੰਜ ਮਿਲ ਉਪਜੀਆਂ ਦਾਨਸ਼ੀ ਫਿਰ ਪੰਜਾਂ ਮਹਿ ਸਮਾਇ॥ ਬੋਲਣ ਹਾਰ ਜਗਤ ਗੁਰ ਸੂਰਤ ਬਾਦ ਹਵਾਇ॥ ਗ਼ੈਬੀ ਪੰਜ ਫ਼ਰੇਸ਼ਤੇ ਮਿਲ ਕਰ ਕਰਨ ਆਵਾਜ॥ ਮੜਿਆ ਪਖਾਂਵਜ ਚੰਮ ਦਾ ਇਹ ਰੱਬ ਬਣਾਯਾ ਸਾਜ॥ ਆਪੇ ਇੱਕੋ ਰਵਿ ਰਹਿਆ ਜੀਅ ਜੰਤ ਸਭ ਮਾਹਿ॥ ਹੋਰ ਸ਼ਰੀਕ ਨ ਦੂਸਰਾ ਇਕੋ ਇਕ ਅਲਾਹ॥ ਚਾਰੋਂ ਯਾਰ ਮੁਸੱਲਮੀ ਰਹੇ ਅਲਾਹ ਦੇ ਨਾਲ॥ ਭੁੱਲੇ ਦੁਨੀਆਂ ਖੁਦੀ ਲਗ ਨਾਲ ਖ਼ਰਾਬ ਜ਼ਵਾਲ॥ ਖ਼ਾਕੀ ਆਬੀ ਆਤਸ਼ੀ ਬਾਦੀ ਚਾਰ ਕੁਤਬ॥ ਏਹਾ ਯਾਰ ਖੁਦਾਇ ਦੇ ਆਪ ਪੈਗੰਬਰ ਰੱਬ॥ ਕਾਇਮ ਚਾਰੰ ਤਰਫ ਦੇ ਕੀਤੇ ਚਾਰ ਕੁਤਬ॥ ਚਾਰੋਂ ਥੰਮੇਂ ਅਰਸ਼ ਦੇ ਰਲਦੇ ਮੂਲ ਨ ਕਦ॥ ਕਾਇਮ

ਕੁਰਸੀ ਅਰਸ਼ ਹੈ ਕਾਇਮ ਇੱਕ ਝੁਦਾਇ॥ ਪੰਜੇ ਕਾਇਮ ਹੈ ਸਦਾ ਹੋਰ ਨ ਕਾਇਮ ਜਾਇ॥ ਜੋ ਆਯਾ ਸੋ ਜਾਇਸੀ ਜੋ ਗਇਆ ਫਿਰ ਆਇ॥ ਅਗਲਾ ਸਾਂਗ ਉਤਾਰ ਕੇ ਫਿਰ ਆਵੈ ਹੋਰ ਬਣਾਇ॥ ਕਿਸਕਾ ਮਾਈ ਬਾਪ ਕਿਸ ਕਿਸਕਾ ਪੂਤ ਕਹਾਇ॥ ਕਿਸਕੀ ਜੋਰੂ ਧੀਆਂ ਕਿਸ ਸਭ ਕੂੜੇ ਕੀਏ ਪਸਾਉ॥ ਜੀਂਵਦਿਆਂ ਦਭ ਦਿੱਸਦੀ ਮੋਇਆਂ ਦਿੱਸੇ ਨਾ ਕੋਇ॥ ਨਾਨਕ ਬਾਜੀ ਕੂੜ ਦੀ ਆਖ਼ਰ ਕੂੜੀ ਹੋਇ॥ ੬●॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣ ਹੋ ਨਾਨਕ ਸ਼ਾਹ॥ਕੇਹੀ ਸੂਰਤ ਰੱਬ ਦੀ ਰਹਿੰਦਾ ਕੇਹੜੀ ਜਾਇ॥ ਖਾਨਾ ਕਉਣ ਖ਼ੁਦਾਇ ਦਾ ਪਹਿਰੇ ਕਉਣ ਪੁਸ਼ਾਕ॥ ਕਉਣ ਸ਼ਰੀਕ ਖ਼ਦਾਇ ਦਾ ਸੱਚ ਹਕੀਕਤ ਆਖ॥ ਹਿੰਦੂ ਮੁਸਲਮਾਨ ਵਿੱਚ ਕਉਣ ਨਜ਼ੀਕ ਖ਼ੁਦਾਇ॥ ਦੋਨੋਂ ਮਜ਼ਹਬ ਸੋਧਕੇ ਸੱਚਾ ਇੱਕ ਦਿਖਾਇ॥੬੧॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੋ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ ਸੱਚੀ ਸੂਰਤ ਰੱਬ ਦੀ ਰਹਿੰਦਾ ਸੱਚੀ ਜਾਇ॥ ਸਚਾ ਖਾਨਾ ਰੱਬ ਦਾ ਪਹਿਰੇ ਸੱਚ ਪੁਸ਼ਾਕ॥ ਇੱਕੋ ਇੱਕ ਖੁਦਾਇ ਹੈ ਹੋਰ ਸ਼ਰੀਕ ਨ ਸਾਕ॥ ਹਿੰਦੂ ਮੁਸਲਮਾਨ ਦੁਇ ਦਰਗਾਹ ਲੈਨ ਸਜ਼ਾਇ॥ ਮਜ਼ਹਬ ਦੁਇ ਮਨਸੁਖ਼ ਹੈਂ ਦਿਸੀਦੇ ਗੁਮਰਾਹਿ॥ ਸੋਈ ਸ਼ਰੀਕ ਖ਼ੁਦਾਇ ਦਾ ਜਾਂਕੀ ਜਨਮਨ ਜ਼ਾਤ॥ ਬੇਦ ਕਤੇਬੋਂ ਬਾਹਰਾ ਅਨਹਦ ਸ਼ਬਦ ਅਲਾਤ॥੬੨॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਨਾਨਕ ਸੱਚ ਅਲਾਇ॥ ਖ਼ਤਰਾ ਰਹਿੰਦਾ ਰਾਤ ਦਿਹ ਕਰ ਮਸਲਾ ਸੱਚ ਸੁਣਾਇ॥ ਕੌਣ ਨਬੂਦ ਜਹਾਨ ਵਿੱਚ ਹਯਲ ਕਾਇਮ ਕਉਣ॥ਜੋ ਇਹ ਹਕੀਕਤ ਦੱਸ ਦਇ ਹਉਂ ਸੁਨਰਾਵੈ ਤਉਣ॥ ਇਹ ਹਕੀਕਤ ਹੱਕ ਦੀ ਦੇਹੋ ਸਭ ਬੁਝਾਇ॥ ਕਾਦਰ ਮੂਲ ਨ ਦਿਸਨੀ ਸਭ ਕੁਦਰਤ ਭਰਮ ਭੁਲਾਇ॥ ਕਾਇਕ ਕਉਣ ਇਬਾਦਤੀ ਹੋਵੇ ਜੁੱਸਾ ਪਉਨ॥ ਹਮਰੀ ਦਾਤ ਸਦਾ ਸੱਚ ਖ਼ਬਰ ਸੁਣਾਇ ਜਉਣ॥੬੫॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ ਰੱਖਿਆ ਸਿਰਰ ਪੁਸ਼ੀਦੜਾ ਸੁਣੀ ਸੱਚ ਸੁਣਾਇ॥ ਜੁੱਸੇ ਨਾਬੁਦ ਜਹਾਨ ਵਿੱਚ ਹਯਲ ਕਾਇਮ ਰੂਹ॥ ਰੂਹ ਛਡੇ ਜਬ ਜੁੱਸਿਆਂ ਮਿਟਿਆ ਅਵਾਜਾ ਰੂਹ॥ਦੋਵੇ ਨਬੂਦ ਜਹਾਨ ਵਿੱਚ ਹਯਲ ਕਾਇਮ ਦੋਇ॥ ਜੋ ਕਰਨ ਇਬਾਦਤ ਬੰਦਗੀ ਸੱਚ ਖ਼ਬਰ ਬਤਾਵਨ ਸੋਇ॥ ਜੁੱਸੇ ਬਾਝ ਨ ਰੂਹ ਹੈ ਰੂਹ ਬਾਝ ਨ ਜੁੱਸਾ ਹੋਇ॥ ਨਾਨਕ ਲੇਖੈ ਮੰਗੀਏ ਰੋਂਦੇ ਡਿੱਠੇ ਦੋਇ॥ ਮਿਲਨ ਸਜ਼ਾਈਂ ਜੁੱਸਿਆਂ ਰੂਹ ਪੁਕਾਰਨ ਹਾਇ॥ ਨੇਕੀ ਬਦੀ ਵੀਚਾਰ ਕੇ ਮਿਲੈ ਅਜ਼ਾਇ ਸਜ਼ਾਇ॥ ਆਪੇ ਰੂਹ ਕਹਾਂਇਦਾ ਆਪੇ ਜੁੱਸਾ ਹੋਇ॥ ਏਹ ਤਮਾਸ਼ਾ ਦੇਖ ਕੇ ਨਾਨਕ ਦਿੱਤਾ ਰੋਇ॥ਰੋਇ ਨ ਕੋਈ ਆਇਆ ਹੱਸ ਨ ਚਲਿਆ ਕੋਇ॥ ਅੱਗਾ ਪਿੱਛਾ ਸੋਧ ਕੇ ਨਾਨਕ ਰਹਿਆ ਖਲੋਇ॥ ੬੬॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਨਹੋ ਨਾਨਕ ਸ਼ਾਹ॥ ਇੱਕ ਖ਼ੁਦਾਇ ਰਸੂਲ ਹੈ ਕਿਉਂ ਦੁਨੀਆਂ ਬਹੁਤੇ ਰਾਹ॥ ਮਾਲੂਮ ਕੁਝਨ ਹੋਵਈ ਵਾਣੀਕੀ ਬਲਾਇ॥ਰਾਹ ਸਚਾ ਵਾ ਛੱਡਕੇ ਬਹੁਹੋਈ ਗੁਮਰਾਹ॥ ਮੁਸਲਮਾਨਾਂ ਛੱਡਿਆ ਖਾਣਾ ਹੱਕ ਹਲਾਲ॥ ਹਿੰਦੂ ਖਾਣ ਦਰੋਗ਼ ਕਹਿ ਤਿਨਾਂ ਹੋਸੀਕੀ ਹਵਾਲ॥ ਦੋਵੈਂ ਭੁੱਲੇ ਰਾਹ ਤੇ ਸੱਚ ਨ ਜਾਣਹਿ ਮੂਲ॥ ਮਾਲ ਬਿਗਾਨਾ ਖਸ ਖਾਨ ਕਰ ਕਸਮਾ ਰਾਮ ਰਸੂਲ॥ ਦਰਗਹ ਇਨਾਂ ਕੀ ਹਾਲ ਹੋਇ ਸਭ ਦੇਹੋ ਖ਼ਬਰ ਬਤਾਇ॥ ਪੀਰ ਕਹੇ ਸੁਣ ਨਾਨਕਾ ਖ਼ਤਰਾ ਮਨਹੁ ਚਕਾਇ॥੬੭॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਪੀਰ ਬਹਾਵਦੀਨ ਆਖੀ ਨਾਨਕ ਸ਼ਾਹ॥ ਲੱਬੇ ਕਾਰਨ ਪੀਰ ਜੀ ਦੁਨੀਆ ਬਹੁਤੇ ਰਾਹ॥ ਕਾਰਨ ਕਪੜੇ ਤਾਮਤੇ ਬਹੁਤ ਹੋਈ ਗੁਮਰਾਹ॥ ਖਾਨ ਕਸੀਸਾ ਏਤ ਭਾਂਤ ਜਿਉਂ ਸਿਰਥੀਆ ਕਪਾਹ॥ ਚੁਣਿਆਂਦੀ ਵਣ ਵਾੜੀਓਂ ਚੁਖ ਚੁਖ ਲਈ ਖੁਹਾਇ॥ ਕੂਕੇ ਕਪਾਹ ਨਿਮਾਨੜੀ ਖੁਸਦੀ ਕਰੇ ਕਹਾਇ॥ ਪਹਿਲਾ ਝਾਂਬੇ ਝਾੜੀਐ ਮੰਜੇ ਉਤੇ ਘੱਤ॥ ਕੂਕੇ ਏਹ ਕਪਹਾੜੀ ਦੁਨੀ ਨਾਂ ਆਵਾਂ ਵੱਤ॥ ਫਿਰ ਮੁਹਿ ਦਿੱਤੀ ਵੇਲਣੇ ਖਾਵੈ ਸ਼ਕਤੀ ਭੀੜ॥ ਕੀਤੇ ਕਾਰਣ ਮਾਰੀਐ ਕਿਸ ਆਗੈ ਕੂਕੇ ਪੀਰ॥ ਫਿਰ ਖੜ ਸਉਂਪੀ ਪੇਂਵਿਆਂ ਘੱਤ ਨਾੜੀ ਬੰਦ॥ ਚੁਖ ਚੁਖ ਹੋਇ ਪਿਵੀਂਦੜੀ ਕਾਰਣ ਕੱਤਨ ਤੰਦ॥ ਫ਼ਿਰ ਸਉਂਪੀ ਚੂੜੇ ਵਾਲੀਆਂ ਕੱਤਣ ਬਾਂਹ ਉਲਾਰ॥ ਕੂਕੇ ਇਹ ਕਪਾਹੜੀ ਹਉਂ ਕਤਆਈ ਸੰਸਾਰ॥ ਫਿਰ ਸਉਂਪੀ ਜੋਲਾਹਿਆਂ ਤਾਣੀ ਤਣਦੇ ਠੋਕ॥ ਛਿਕ ਛਿਕ ਦੇਨ ਮਰੋੜੀਆਂ ਅੰਧਾ ਗਰਬੇਲੋਕ॥ ਫਿਰ ਸਉਂਪੀਜੇ ਚੂੜਿਆਂ ਸਿਰੁ ਨਿਸਾਨੀ ਪਾਇ॥ ਤਲੇ ਤਲੇਰਨ ਸਿਰ ਮੁੰਗਲੀ ਕੁਟਨ ਦੇਦੇ ਤਾਇ॥ ਫਿਰ ਸੌਂਪੀਤਿਨਾਂ ਦਰਜ਼ੀਆਂ ਜਿਉਂ ਖ਼ਸਮ ਕਹੰਨ॥ ਪਹਿਨ ਕਪੜ ਮਨ ਭਾਵਦਾ ਜਿਤ ਪੈਧੇ ਸੋਹੈ ਜੰਞ॥ ਨਾ ਕੋ ਹੱਸੋ ਹੜਿ ਹੜਾਇ ਨਾਕੋ ਕਰਹੌ ਸ਼ੋਗ॥ ਇਹ ਸਿਰ ਥੀਆ ਕਪਾਹ ਦੇ ਇਨਾਂ ਜੰਤਾਂ ਸਿਰ ਕੀ ਹੋਗ॥੬੮॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣਹੁਨਾਨਕ ਸ਼ਾਹ॥ ਜੁੱਸਾ ਕਿਉਂਕਰ ਸਿਰਜਿਆ ਸੱਚਾ ਦੇਹ ਸੁਨਾਹਿ॥ ਕਉਣ ਮੁਕੱਦਮ ਪਿੰਡ ਦਾ ਕਿਸ ਵਸਾਏ ਲੋਗ॥ ਖਾਵੈ ਕਉਣ ਨਿਆਮਤਾਂ ਕਿਸ ਨੂੰ ਭੋਗਾ ਜੋਗ॥ ਕਰਦਾ ਕਉਣ ਅਵਾਜੜਾ ਸੁਨਦੇ ਹਾਰਾ ਕਉਣ॥ ਜੁੱਸਾ ਰੱਖਦਾ ਕਉਣ ਹੈ ਸੁਪਨੇ ਜਾਂਦਾ ਕਉਣ॥ ਏਹ ਹਕੀਕਤ ਜੋ ਦੱਸੇ ਸੋਈ ਅੱਵਲ ਫਕੀਰ॥ ਪੀਰਾਂ ਅੰਦਰ ਪੀਰ ਹੈ ਮੀਰਾਂ ਅੰਦਰ ਮੀਰ॥ ੬੯॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸੱਚ ਸੁਣਹੁ ਬਹਾਵਦੀਨ ਸ਼ਾਹ॥ ਜੁੱਸਾ ਸਾਜਿਆ ਨਿਆਮਤੀ ਸੱਚੇ ਸੁਣਹੁ ਸਨਾਇ॥ ਰੂਹ ਮੁਕੱਦਮ ਪਿੰਡ ਦਾ ਕਰਮ ਵਸਾਏ ਲੋਗ॥ ਖਾਵੈ ਅਗਨਿਤ ਨਿਅਮਤੀ ਰੂਹਾਂ ਭੋਗਾ ਜੋਗ॥ ਕਰਦੀ ਬਾਦ ਅਵਾਜੜਾ ਸੁਨ ਦੇਹਾਰਾ ਰੂਹ॥ ਜੁੱਸੇ ਰਖਤੀ ਅਗਨਿ ਹੈ ਰੂਹ ਫਿਰੈ ਪਰ ਜੂਹ॥ ਰੂਹ ਛੱਡੇ ਜਬ ਜੁੱਸੜਾ ਫਿਰ ਹੋਵਣ ਰੂਹ ਅਪਾਰ॥ ਫਿਰ ਲਗ ਖਾਵਣ ਜੁੱਸੜਾ ਕਰ ਡਾਰਹਿ ਤਿਸ ਛਾਰ॥ ਮੂਏ ਕੀ ਘਣਤੀ ਨਹੀਂ ਜੀਵਤ ਦੇਖ ਪਰਤੱਖ॥ ਜੇਤੇ ਦਾਣੇ ਅੰਨ ਦੇ ਜੀਆਂ ਜੰਤੂ ਲੱਖ॥ ਗ਼ੈਬੀ ਸਿਰਰ ਖ਼ੁਦਾਇਦਾ ਬੁੱਝ ਨ ਸਕੈ ਕੋਈ॥ਪੀਰ ਪੈਕੰਬਰ ਅਉਲੀਏ ਥਕ ਥਕ ਰਹੇ ਖਲੋਇ॥ ਰੂਹ ਨ ਆਂਵਦਾ ਦਿੱਸਈ ਜਾਂਦਾ ਨ ਲਖੈ ਕੋਇ॥ ਇਹ ਇਬਾਦਤ ਜੋਬੁ ਝੈ ਪੀਰਾਂ ਦੇ ਸਿਰ ਸੋਇ॥ ੭●॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣ ਨਾਨਕ ਸਿਰਦਾਰ॥ ਕਿਉਂਕਰ ਮਿਲੀਐ ਰਬ ਨੋਂ ਕਿਉਂਕਰ ਹੋਇ ਦੀਦਾਰ॥ ਕੇਹੜੀ ਸੂਰਤ ਰੱਬ ਦੀ ਰਹਿੰਦਾ ਕੇਹੜੀ ਜਾਇ॥ ਖਾਂਦਾ ਕੀ ਨਿਆਮਤਾਂ ਪਹਿਰੇ ਕੀ ਕਵਾਇ॥ ਕਰਕੇ ਕੇਹੜੀ ਬੰਦਗੀ ਮਿਲੇ ਗ਼ਰੀਬ ਨਿਵਾਜ਼॥ ਜਾਂ ਰੱਬ ਮਿਲੇ ਤਾਂ ਕਰਮ ਹੋਇ ਪੂਰਾ ਹੋਵੈ ਕਾਜ॥੭੯॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸੱਚ ਸੁਣਹੁ ਬਹਾਵਦੀਨ ਸ਼ਾਹ॥ ਕਹੁ ਮਸਕੀਨੀ ਬੰਦਗੀ ਤਾਂ ਮਿਲੀਏ ਬੇਪਰਵਾਹ॥ ਨੂਰੀ ਸੂਰਤ ਰੱਬ ਦੀ ਰਹਿੰਦਾ ਸਭਨੀ ਜਾਇ॥ ਖਾਂਦਾ ਰਾਗ ਨਿਆਮਤਾਂ ਪੀਂਦਾ ਸ਼ਬਦ ਅਘਾਇ॥ ਕਰਕੇ ਮਿਹਨਤ ਬੰਦਗੀ ਮਿਲੇ ਗ਼ਰੀਬ ਨਿਵਾਜ਼॥ ਜਾਂ ਰੱਬ ਮਿਲੇ ਤਾਂ ਕਰਮ ਹੋਇ ਸਵਰਨਿ ਹੱਭੇ ਕਾਜ॥੮●॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੱਚਾ ਸੁਨਹੁ ਸੁਆਲ॥ ਮੁਸਲਮਾਨਾ ਛੱਡਿਆਂ ਖਾਣਾ ਪਾਜ ਹਲਾਲ॥ ਹਿੰਦੂ ਖਾਨ ਦੋਰਗ ਕਹਿ ਤਿਨਾਂ ਹੋਸੀ ਕਉਣ ਹਵਾਲ॥ ਉਇ ਪਾਸਨਿ ਕਿਸ ਸਜ਼ਾਇਨੋਂ ਜਾਸਨਿ ਕੇਹੜੀ ਜਾਇ॥ ਹੋਸੀਕੀ ਹਵਾਲ ਤਿਨਾਂ ਪਾਸਨ ਕੀ ਸਜਾਇ॥ ਕਲਮਾਂ ਅਸ਼ਹਦ ਆਖ ਕੇ ਖਸ ਖਾਨ ਬਿਗਾਨਾ ਮਾਲ॥ ਹਿੰਦੂ ਦਗ਼ਾ ਕਮਾਇ ਖਾਇ ਕੀਹੋ ਤਿਨਾ ਹਵਾਲ॥ ਆਖਨ ਮੁਸਲਮਾਨ ਇਉਂ ਅਸਾਂ ਰਸੂਲ ਪਨਾਹਿ॥ ਨੇਕੀ ਬਦੀ ਨ ਕੋ ਪੁਛੈ ਅਣਪੁਛੈ ਭਿਸ਼ਤੀ ਜਾਇ॥ ਜਿਨੀ ਕਲਮਾ ਆਖਿਆ ਸੇ ਦੋਜ਼ਕ ਲਹੈ ਨ ਸਜ਼ਾਇ॥ ਹਿੰਦੂ ਰਾਮ ਰਾਮ ਆਖਕੇ ਮਾਲ ਬਿਗਾਨਾ ਖਾਇ॥ ਡਿੱਠਾ ਕਿਸ ਖ਼ੁਦਾਇ ਹੈ ਕਿਛ ਆਗੈ ਇਹ ਕਿਨਾਹਿ॥ ਇਹ ਨਸੀਹਤ ਜਾਣ ਕਰ ਦੋਊ ਬਦ ਅਮਲ ਕਮਾਇ॥ ਇਨਾਂ ਸਿਰਕੀ ਹੋਇਗੀ ਦੇਵਹੁ ਸੱਚ ਸਨਾਹਿ॥ ੮੧॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸਚ ਸੁਣਹੁ ਬਹਾਵਦੀਨ ਪੀਰ॥ ਖਾਣਾ ਖਾਣ ਹਰਾਮ ਜੋ ਸੇ ਹੋਸਨ ਅੰਤ ਜ਼ਹੀਰ॥ ਓਇ ਧਰਸਨ ਜੁੱਸਾ ਨਬਾਤ ਦਾ ਸਿਰ ਸਹਿਸਨ ਵੱਡੇ ਅਜ਼ਾਬ॥ ਕਟ ਕਟ ਲਈਅਨ ਹੇਜ਼ਮਾ ਸੁਣੇ ਨ ਕੋਈ ਦਾਦ॥ ਸੁਣੇ ਨ ਰਾਮ ਰਸੂਲ ਕੋ ਸੁਣੈ ਨ ਕੋਇ ਅਵਤਾਰ॥ ਉਮੱਤ ਛਡਾਇਨ ਕੈਤਭਤ ਆਪ ਜਲ ਬਲ ਹੋਏ ਛਾਰ॥ ਉਨ ਆਪਣੀ ਮੈਲ ਨ ਧੋਤੀਆਂ ਹੋਰ ਕਿਉਂਕਰ ਹੋਵਨ ਪਾਕ॥ ਨਾਨਕ ਕਹੇ ਸੁਣ ਪੀਰ ਜੀ ਸਣਿ ਉਮੱਤ ਰਹੇ ਨਪਾਕ॥ ਮੁਖ ਰਾਮ ਰਸੂਲ ਆਖਕੇ ਮੁਸ ਮਾਲ ਬਿਗਾਨਾ ਖਾਇ॥ ਵਾਤਤਿਨਾੜੇ ਕਿਰਬਤੀ ਵਿਚ ਦੋਜ਼ਕ ਲਹਿਨ ਸਜ਼ਾਇ॥ ੮੨॥

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਸ਼ਾਹ॥ ਹਿੰਦੂ ਤੁਰਕ ਦੋਇ ਹੱਦੀਂ ਸਿਰ ਪਰ ਇੱਕ ਅਲਾਹਿ॥ ਹਿੰਦੂ ਆਖਨ ਅਸਾਂ ਵਿੱਚ ਤੁਰਕ ਕਹਿਨ ਅਸਾਂ ਮਾਹਿ॥ ਦੁਇ ਫ਼ਿਰਕਿਆਂ ਵਿੱਚ ਕਿਸ ਵਰ ਸੱਚੇ ਦੇਇ ਸਨਾਹਿ॥ ਹਿੰਦੂ ਰੱਦਨ ਤੁਰਕ ਨੋਂ ਤੁਰਕ ਰੱਦਹਿ ਹਿੰਦੂ ਆਹਿ॥ ਦੁਹ ਵਿਚ ਸੱਚਾ ਕੌਣ ਹੈ ਸੱਚੀ ਕਹਿ ਸਮਝਾਇ॥ ਤੁਰਕ ਕਹਿਨ ਰਬ ਤੁਰਕ ਹੈ ਹਿੰਦੂ ਕਹਿਨ ਹਿੰਦੂ ਆਹਿ॥ ਰੌਲਾ ਹਿੰਦੂ ਤੁਰਕ ਦਾ ਇਲਾਹਦ ਕਰ ਦਿਖਲਾਇ॥ ਜਿਉਂ ਪਾਣੀ ਦੁਧ ਮਿਲਾਪ ਹੈ ਤਿਉਂ ਹਿੰਦੂ ਮੁਸਲਮਾਨ॥ ਰੋ਼ਗਨ ਹੱਥ ਨ ਆਵਈ ਰਿੜਕਨ ਹਾਰ ਸ਼ੈਤਾਨ॥ ਬਹੁਤੀਆਂ ਬਣੀਆਂ ਨਸੀਹਤਾਂ ਬਹੁਤੇ ਧਰੇ ਕਤੇਬ॥ ਅਜਬ ਹੈਰਾਨੀ ਮਨੈ ਵਿੱਚ ਇੱਕ ਰੱਬ ਦੁਇ ਭੇਦ॥ ਤਿਨਾਂ ਅੰਦਰ ਬਹੁ ਹੈਨ ਫ਼ਿਰਕੇ ਅੰਤ ਨ ਪਾਰ॥ ਪੀਰ ਕਹੈ ਸੁਣ ਨਾਨਕਾ ਕਰ ਦੇਹੋ ਤਾਰ ਪਤਾਰ॥੮੭॥

ਜਵਾਬ ਨਾਨਕ ਸ਼ਾਹ ਸੂਰਾ॥ ਨਾਨਕ ਆਖੇ ਪੰਦ ਸਚ ਸੁਣਹੁ ਬਹਾਵਦੀਨ ਪੀਰ॥ ਰੱਦਹੁ ਹਿੰਦੂ ਤੁਰਕ ਦੁਇ ਜੋ ਹੋਇ ਬਹੁਤ ਜ਼ਹੀਰ॥ ਹਿੰਦੂ ਮੁਸਲਮਾਨ ਜੋ ਇਕ ਸਾਈਂ ਦੋ ਹੱਦ॥ ਦੋਨੋ ਕਰ ਮਨਸੁਖ ਤੂੰ ਜੇ ਅੱਲਹ ਕੀਤੇ ਰੱਦ॥ ਰੱਦ ਜਹੂਦਾਂ ਕਾਫਰਾਂ ਮੁਨਾਫ਼ਕਾਂ ਤੇ ਮੁਲਹੱਦ॥ ਰੂਮੀ ਜੰਗੀ ਇਰਮਨੀ ਹਬਸੀ ਤੇ ਕਿਮਲਾਕ॥ ਕਾਸ਼ਮੀਰੀ ਕਸ਼ਮੀਰੀਆਂ ਹੀਰਾ ਤੁਰ ਤਲਾਕ॥ ਕੁਫ਼ਰ ਫ਼ਿਰੰਗੀ ਦੋਜ਼ਖ਼ੀ ਯੂਨਾਨੀ ਬਦਰਾਹਿ॥ ਦਹਿਰੀਏ ਗੁਮਰਾਹ ਬਹੁ ਜੋ ਜਾਨਨ ਨਾਂਹਿ ਅਲਾਹਿ॥ ਫਿੱਟਾ ਦੁੱਧ ਨ ਕੰਮ ਕਿਸ ਰੋਗਨ ਹੱਥਨ ਆਹਿ॥ ਜੇ ਸਉ ਵਰ੍ਹਿਆਂ ਰਿੜਕੀਐ ਸੜਸੁਕ ਮੁੱਢੋਂ ਜਾਇ॥ ਨਾਨਕ ਆਖੇ ਸੁਣ ਪੀਰਜੀ ਬਾਝ ਸੱਚ ਗੁਮਰਾਹਿ॥੮੮॥

ਹਜ਼ਰਤ ਮਹੰਮਦਦੀਨ ਦਾ ਪੋਤਰਾ ਪੀਰ ਜਲਾਲਦੀਨ ਜੋ ਬਗਦਾਦ ਤੋਂ ਮੱਕੇ ਆਇਆ ਹੋਇਆ ਸੀ, ਹਿੰਦ ਦੇ ਨਾਨਕ ਪੀਰ ਦੀ ਕਾਜੀਆਂ ਤੇ ਮੁੱਲਾਂ ਮੌਲਵੀਆਂ ਨਾਲ ਇਹ ਰੱਬੀ ਗਿਆਨ ਗੋਸ਼ਟੀ ਸੁਣਕੇ ਤਮਕ (ਹਉਮੇਂ) ਵਿੱਚ ਆਇਆ, ਅਤੇ ਗੁਰੂ ਨਾਨਕ ਸਾਹਿਬ ਨੂੰ ਸਵਾਲ ਕੀਤਾ॥

ਸੁਆਲ ਪੀਰ ਜਲਾਲਦੀਨ ਬਗ਼ਦਾਦੀ ਸੂਰਾ॥ ਆਖੇ ਪੀਰ ਜਲਾਲਦੀਨ ਸੁਣ ਨਾਨਕ ਹਿੰਦੂ ਫ਼ਕੀਰ॥ ਹਿੰਦੂ ਸੂਰਤ ਦੋਜ਼ਕੀ ਵਿੱਚ ਆਤਸ਼ ਹੋਇ ਜ਼ਹੀਰ॥ ਜੇ ਆਵਹਿ ਰਾਹਿ ਈਮਾਨ ਦੇ ਤਾਂ ਭਿਸ਼ਤੀ ਪਾਵਹਿ ਠਾਇ॥ ਪੀਰਾਂ ਅੰਦਰ ਕੁਤਬ ਹੋਇ ਗ਼ਉਸ ਮਰਾਤਬ ਪਾਇ॥ ਵਲੀਆਂ ਅੰਦਰ ਵਲੀ ਹੋਇ ਸ਼ੇਖਾਂ ਅੰਦਰ ਸ਼ੇਖ਼॥ ਵਿੱਚ ਸਲਾਰਾ ਸਲਾਰ ਹੋਇ ਜਾਂ ਏਹ ਵਟਾਏਂ ਭੇਖ॥ ਹਿੰਦੂ ਭਿਸ਼ਤ ਨ ਕੋ ਗਇਆ ਸਭ ਘੱਤੇ ਅਗਨ ਜਲਾਇ॥ ਨਾਉ ਨਿਸ਼ਾਨੀ ਨਾ ਰਹੀ ਪਿਆ ਕਿਥਾਊਂ ਜਾਇ॥ ਉਸ ਪਿੱਛੈ ਦਰੂਦ ਨ ਫਾਇਤਾ ਨਾ ਕੋ ਕਰਦਾ ਯਾਦ॥ ਏਹ ਮਰਾਤਬ ਹਿੰਦੂਆਂ ਉਮਰ ਗਵਾਈ ਬਾਦ॥੮੯॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੁ ਪੀਰ ਜਲਾਲਦੀਨ ਆਖੀ ਨਾਨਕ ਸ਼ਾਹ॥ ਹਿੰਦੂ ਮੁਸਲਮਾਨ ਦੋਇ ਡਿੱਠੇ ਮੈਂ ਗੁਮਰਾਹ॥ ਜੁੱਸਾ ਮੁਸਲਮਾਨ ਦਾ ਰਖਿਆ ਭਿਸ਼ਤੀ ਜਾਇ॥ ਆਖਰ ਹੋਇਆ ਖ਼ਾਕੜੀ ਗਈ ਸੁ ਖ਼ਾਕੂ ਖਾਇ॥ ਕੁਤਰ ਜ਼ਿਮੀ ਨਬਾਤ ਹੋਇ ਕੁਝ ਆਈ ਕੁਲਾਲੇ ਹੱਥ॥ ਭਾਂਡੇ ਇਟਾਂ ਸਾਜਕੇ ਜਲਨ ਪਜਾਵੀਂ ਘੱਤ॥ ਤੋਬਾ ਪੁਕਾਰੇ ਖ਼ਾਕੜੀ ਸੁਣੇ ਨ ਕੋ ਫ਼ਰਯਾਦ॥ ਮੁਸਲਮਾਨ ਮਹੱਮਦੀ ਫਿਰ ਕਦੇ ਨ ਕਰਦੇ ਯਾਦ॥ ਦੋਵੇਂ ਦਿਸਨ ਜਲਦੀਆਂ ਵਿੱਚ ਭਿਸ਼ਤਾਂ ਇਕ ਨ ਜਾਇ॥ ਵਾਰਸ ਰਾਮ ਰਸੂਲ ਦੋਇ ਸਕਨ ਨ ਉਮੱਤ ਛਡਾਇ॥ ਰਹੇ ਮਰਾਤਬ ਦੁਨੀ ਵਿੱਚ ਅੱਗੇ ਦੀ ਸੁਧ ਨਾਹਿ॥ ਡਾਢੀ ਵਾਣੀ ਰੂਹ ਸਿਰ ਫਿਰੇ ਚਉਰਾਸੀ ਮਾਹਿ॥ ਜਿਨਾਂ ਤਕੀਆ ਰੱਬਦਾ ਸੇ ਰਤੇ ਸਚ ਮਾਹਿ॥ ਕਾਇਮ ਥੀਏ ਜਹਾਨ ਵਿਚ ਫਿਰ ਮਰੇ ਨਾ ਆਵਹ ਜਾਹਿ॥ ਬਿਨਾਂ ਰਿਆਜ਼ਤ ਬੰਦਗੀ ਕਾਇਮ ਥੀਏ ਸੰਸਾਰ॥ ਕਾਇਮ ਨ ਰਹੇ ਪੈਕੰਬਰਾਂ ਕਾਇਮ ਨ ਚਾਰੋਂ ਯਾਰ॥ ਕਾਇਮ ਨ ਥੀਏ ਅਉਤਾਰਾਂ ਜਗ ਰਾਮਾ ਕ੍ਰਿਸ਼ਨ ਮਰਾਰ॥ ਕਾਇਮ ਨ ਪੀਰ ਫ਼ਕੀਰ ਹੋਇ ਸਿਧ ਸਾਧਕ ਸਲਾਰ॥ ਕਾਇਮ ਜੁੱਸੇ ਨ ਥੀਏ ਰਹੇ ਸੇ ਕਾਇਮ ਨਾਉਂ॥ ਨਾਵਾਂ ਅੰਤ ਨ ਪਾਇਆ ਲੱਖ ਆਂਵਹਿ ਲੱਖ ਜਾਹਿ॥ ਕਾਇਮ ਜੁੱਸਾ ਜੋ ਰਖੇ ਕਾਇਮ ਕਹੀਐ ਸੋਇ॥ ਬਿਨਾਂ ਇਬਾਦਤ ਬੰਦਗੀ ਰਹਿਆ ਨ ਕਾਇਮ ਕੋਇ॥ ਮੁਸ਼ਕਲ ਮੁਸਲਮਾਨੜੀ ਹਿੰਦੂ ਹਰਕਤ ਮਾਹਿ॥ ਦੋਵੈ ਕਾਇਮ ਨਾ ਥਇ ਦਾਵਾ ਕਰ ਮਰ ਜਾਹਿ॥ ਨਾਨਕ ਦਾਵਾ ਛਡਿਆ ਦੁਹਿ ਤੇ ਨਿਆਰਾ ਹੋਇ॥ ਇੱਥੇ ਮਿਲਨ ਵਡਿਆਈਆਂ ਦਰਗਹ ਪਾਵੈ ਢੋਇ॥੯●॥

ਸੱਭੇ ਕਦਮੀ ਢਹਿ ਪਏ ਮਨ ਵਿੱਚ ਬਹੁ ਡਰ ਖਾਇ॥ ਅਜੀ ਕਾਈ ਨੀਸ਼ਾਨੀ ਰੱਖੀਐ ਮੱਕਾ ਭਿਸਤ ਕਰਾਇ॥ ਬਾਬੇ ਕਉਸ ਉਤਾਰੀ ਪਾਉਂ ਤੇ ਰੱਖੀ ਨੀਸ਼ਾਨੀ ਏਹ॥ ਜੋ ਕਰਕ ਜ਼ਿਆਰਤ ਕੌਂਸਦੀ ਓਹ ਫੇਰ ਨ ਜਨਮ ਧਰੇਇ॥

ਗੁਰੂ ਨਾਨਕ ਸਾਹਿਬ ਦੇ ਰੱਬੀ ਬੋਲਾਂ ਤੋਂ ਜਦ ਮੱਕੇ ਦੇ ਕਾਜੀਆਂ ਤੇ ਮੁੱਲਾਂ ਮੌਲਵੀਆਂ ਨੂੰ ਖ਼ੁਦਾ ਦਾ ਗਿਆਨ ਹੋਇਆਂ ਤਾਂ ਖੇੜੇ ਵਿੱਚ ਆਏ ਇਨ੍ਹਾਂ ਮੁੱਖੀਆਂ ਨੇ ਗੁਰੂ ਨਾਨਕ ਸਾਹਿਬ ਨੂੰ ਇਥੇ ਰੁਕਣ ਲਈ ਬੇਨਤੀ ਕੀਤੀ॥ ਪਰ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਆਪਣੀਆਂ ਖੜਾਵਾਂ ਦੇ ਦਿੱਤੀਆਂ, ਜੋ ਯਾਦ ਵਜੋਂ ਹੁਣ ਵੀ ਮੱਕੇ ਵਿੱਚ ਪਈਆਂ ਹਨ।

ਮੱਕੇ ਦੇ ਮੁੱਖੀ ਮੁੱਲਾਂ ਮੌਲਵੀਆਂ ਤੇ ਕਾਜੀਆਂ ਹਾਜੀਆਂ ਦੇ ਗੁਰੂ ਨਾਨਕ ਸਾਹਿਬ ਨਾਲ ਸਵਾਲ ਜਵਾਬ ਸਮੇਂ ਬਹੁਤ ਸਾਰੇ ਹਾਜ਼ੀ ਲੋਕ ਜੋ ਮੱਕੇ ਹਜ਼ ਕਰਨ ਗਏ, ਗਿਆਨ ਗੋਸ਼ਟੀ ਤੋਂ ਪ੍ਰਭਾਵਤ ਹੋਕੇ ਮਰੀਦ ਬਣ ਗਏ ਸਨ॥ ਇਸੇ ਦੌਰਾਨ ਕਾਰੂੰ ਬਾਦਸ਼ਾਹ ਦੀ ਜ਼ਾਲਮ ਨੀਤੀ ਰੋਕਣ ਅਤੇ ਸਿੱਧੇ ਰਾਹ ਪਾਉਣ ਕਰਕੇ ਮਦੀਨੇ ਨੂੰ ਜਾਂਦੇ ਸਮੇਂ ਮੱਕੇ ਦਾ ਹਜ਼ ਕਰਨ ਗਏ ਹਾਜੀਆਂ ਦਾ ਵੱਡਾ ਟੋਲਾ ਅਤੇ ਇਲਾਕੇ ਦੇ ਬਹੁਤ ਮੁਸਲਿਮ ਲੋਕ ਗੁਰੂ ਨਾਨਕ ਸਾਹਿਬ ਦੇ ਨਾਲ ਸਨ॥ ਗੁਰੂ ਨਾਨਕ ਸਾਹਿਬ ਦੇ ਨਾਲ ਮਰੀਦਾਂ ਦੀ ਭੀੜ ਦੇਖ ਕੇ ਆਪਣੀ ਪੀਰੀ ਖੁਸਣ ਦੇ ਡਰ ਤੋਂ ਮਦੀਨੇ ਦੇ ਇਮਾਮ ਘਬਰਾ ਗਏ॥ ਇਥੋਂ ਭਜਾਉਣ ਲਈ ਮਦੀਨੇ ਦੇ ਇਮਾਮਾਂ ਨੇ ਗੁਰੂ ਨਾਨਕ ਸਾਹਿਬ ਨੂੰ ਘੇਰ ਲਿਆ ਅਤੇ ਸਵਾਲਾਂ ਦੀ ਝੜੀ ਲਾਕੇ ਲਗੇ ਆਪਣੇ ਆਪਣੇ ਘੋੜੇ ਭਜਾਉਣ ਲਗੇ॥

## ਮਦੀਨੇ ਵਿੱਚ ਚਾਰ ਇਮਾਮਾਂ ਨਾਲ ਸਵਾਲ ਜਵਾਬ ॥

ਸਵਾਲ ਪਹਿਲਾ ਇਮਾਮ, ਆਖੇ ਇਮਾਮ ਕਮਾਲਦੀਨ ਨਾਲੇ ਸੈਦਜਮਾਲ॥ ਗ਼ਉਸਲ ਆਲਮ ਕੁਤਬਦੀਨ ਚਾਰੋ ਰੁਕਨ ਕਮਾਲ॥ ਪੁਛਦੇ ਹਾਂ ਚਾਰ ਨਸੀਹਤਾਂ ਤਿਸਦਾ ਦੇਹ ਬਿਆਨ॥ ਬੇਟੇ ਆਦਮ ਸ਼ਫ਼ੀ ਦੇ ਹਿੰਦੂ ਮੁਸਲਮਾਨ॥ ਦੁਹਾਂ ਅੰਦਰ ਸ਼ਕ ਹੈ ਦੁਹ ਵਿੱਚ ਸੱਚਾ ਕਉਣ॥ ਏਹ ਹਕੀਕਤ ਹਲਕਰੇ ਅਸੀ ਹੋਵਹਿ ਖ਼ਾਦਮ ਤਉਣ॥ ੧॥

ਦੂਜਾ ਪੁਛੇ ਜਮਾਲ ਦੀਨ ਕਹੁ ਤੂੰ ਨਾਨਕ ਸ਼ਾਹ॥ ਹਜ਼ਰਤ ਆਦਮ ਤੇ ਥੀਏ ਸਾਬਤ ਦੋਵੇਂ ਰਾਹ॥ ਹਿੰਦ ਮਸਲਮਾਨ ਦੁਇ ਕੁਫ਼ਰ ਤੇ ਇਸਲਾਮ॥ ਦੋਵੈ ਹੁਕਮ ਜਹਾਨ ਵਿੱਚ ਦੋਵੈਂ ਜਾਨ ਇਲਾਮ॥ ਅੱਗੇ ਪੈਕੰਬਰ ਖ਼ਲਕ ਵਿੱਚ ਅੱਗੇ ਹੈਂ ਅਉਤਾਰ॥ ਤੀਜਾ ਕੇਹੜਾ ਮਜਹਬ ਹੈ ਤਿਸਕਾ ਕਹੁ ਬੀਚਾਰ॥ ਜੇ ਆਖਹਿੰ ਤੀਜਾ ਪਾਕ ਹੈ ਪਾਕ ਹੈ ਪਰਵਰਦਗਾਰ॥ ਆਦਮ ਸੂਰਤ ਹੋਇ ਕਰ ਹੋਰਨ ਕਰੇ ਕਰਾਰ॥ ਪਿੱਛ ਜਮਾਨੇ ਜੋ ਥੀਏ ਕਾਫ਼ਰਾਂ ਦੇ ਅਵਤਾਰ ॥ ਹੁਣ ਥੀਏ ਹਿਲ ਮਨਸੂਖ਼ ਸਭ ਅਮਲ ਮਹੰਮਦ ਯਾਰ॥ ਜੇਤਾ ਕੀਆ ਬਿਆਨ ਤੁਹਿ ਅਸਾਂ ਥੀ ਅੱਗੇ ਆਇ॥ ਜਾਦੂ ਕਰਕੇ ਹਿੰਦੂਆਂ ਦਿੱਤੇ ਹੀ ਮੱਕਾ ਫਿਰਾਇ॥ ਸ਼ਰਤਾਂ ਹਿੰਦੂ ਤੁਰਕ ਦੀਆਂ ਫਿਰ ਨਉ ਸਿਰ ਕਰੋ ਬਿਆਨ॥ ਤ੍ਰੈ ਕੀਤੇ ਜੋ ਮਨਸੁਖ ਦੁਇ ਹਿੰਦੂ ਮੁਸਲਮਾਨ॥ ਹਿੰਦੂ ਰਹਿਨ ਨ ਪਾਸਨੀ ਜੋ ਰੱਦ ਰਸੂਲ ਖੁਦਾਇ॥ ਨਉਬਤ ਮੁਸਲਮਾਨ ਦੀ ਵੱਜੀ ਹੈ ਹੁਣ ਆਇ॥ ਅਸੀਂ ਪੁਛਦੇ ਹਾਂ ਤਕਰਾਰ ਕਰ ਕਰਹੁ ਤਸੱਲੀ ਏਹ॥ ਅਸੀ ਭੀ ਛੱਡਦੇ ਨਾਹਿ ਤੁਹਿ ਬਿਨ ਸੱਚੇ ਸੁਣੇ ਸਨੇਹ॥੨॥

ਤੀਜਾ ਪੁਛੇ ਗ਼ਉਸਦੀਨ ਕਰਕੇ ਬਹੁਤ ਕਰਾਰ॥ ਅੱਗੇ ਰਸੂਲ ਖੁਦਾਇ ਹੈ ਅਗੇ ਚਾਰੋ ਯਾਰ॥ ਤੁਹਿ ਕੁਛ ਜਾਤਾ ਹੋਰ ਹੈ ਉਹ ਭੀ ਦੇਹ ਬੀਚਾਰ॥ ਅੱਗੇ ਹਿੰਦੂ ਜਹਾਨ ਵਿੱਚ ਹੁਣ ਆਯਾ ਮੁਸਲਮਾਨ॥ ਦੁਹਾਂ ਵਿਚਹੁ ਜੋ ਰਦ ਥੀਆ ਤਿਸ ਕਉ ਕਰੇ ਸ਼ੈਤਾਨ॥ ਦਿਤਾ ਭਿਸ਼ਤੋਂ ਡਾਲਕੇ ਸ਼ੀਆ ਨਾਮ ਅਬਲੀਸ॥ ਲਿਖਿਆ ਵਿਚ ਕੁਰਾਨ ਦੇ ਆਖਿਆ ਨਬੀ ਹਦੀਸ॥੩॥

ਚਉਥਾ ਬੋਲੇ ਕੁਤਬਦੀਨ ਦੇਹ ਸਚਾ ਬੀਚਾਰ॥ ਸਭਨਾਂ ਉਪਰ ਕਲਾਮ ਰੱਬ ਸਭ ਮੁੱਲਾਂ ਕਰਹਿ ਪੁਕਾਰ॥ ਕੰਨੀ ਪਵੇ ਬੁਲੇਲ ਜਿਸ ਹੋਵੈ ਗੁਨਾਹਾ ਪਾਕ॥ ਕਾਇਮ ਹੋਵੈ ਕਿਆਮਤੀ ਫੇਰ ਨ ਮਿਲੇ ਤਲਾਕ॥ ਪੰਜ ਨਿਮਾਜ਼ਾਂ ਪੰਜ ਵਖਤ ਰੋਜ਼ੇ ਤ੍ਰੀਹ ਪਛਾਨ॥ ਚਾਰ ਇਮਾਮ ਚਾਰ ਮਜ਼ਹਬ ਜਾਨਹਿ ਮੁਸਲਮਾਨ॥ ਤੁਹਿ ਕਿਉਂ ਸਭੇ ਰੱਦ ਕੀਏ ਕੀ ਕਰਕੇ ਤਤਬੀਰ॥ ਇਨਾਂ ਦੀ ਕਰ ਤਸੱਲੜੀ ਨਹੀਂ ਦੇਂਦੇ ਨੀ ਤਾਜੀਰ॥ ਬਿਨ ਕੀਤੇ

ਤਸੱਲੜੀ ਛੁੱਟੇ ਕਿਸੇ ਨ ਜਾਇ॥ ਪੰਜਵੀਂ ਕਉਣ ਕਿਤਾਬ ਹੈ ਅਸਾਂ ਭੀ ਪੜ੍ਹ ਸਮਝਾਇ॥ ਚਾਰ ਇਮਾਮ ਚਾਰ ਮਜ਼ਹਬ ਚਾਰੋਂ ਦੇਖ ਇਮਾਮ॥ ਅੱਵਲ ਕਰਹੁ ਤਸੱਲੜੀ ਪਿੱਛੋਂ ਕਰਹੁ ਕਲਾਮ॥੪॥ ੧॥

ਜਬਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸਾਹ ਸੱਚ ਸੁਣਹੋ ਚਾਰ ਇਮਾਮ॥ ਸੈਦਕਮਾਲ ਜਮਾਲ ਦੀ ਕੁਦਰਤੀ ਗ਼ਉਸਲ ਜਾਨ॥ ਅੱਵਲ ਇੱਕ ਖ਼ੁਦਾਇ ਸੀ ਦੂਜੀ ਕੁਦਰਤਿ ਕੀਨ॥ ਤੀਜੇ ਫ਼ਕਰ ਖ਼ੁਦਾਇ ਹੈਂ ਸੱਚ ਪਰ ਜਿਨਾਂ ਯਕੀਨ॥ ਹਿੰਦੂ ਮੁਸਲਮਾਨ ਦੁਇ ਕੇਹੜੀ ਵਿੱਚ ਕਤਾਰ॥ ਦੁਹਾਂ ਦਾਵਾ ਪਕੜਿਆ ਮਰਦੇ ਝਗੜ ਗਵਾਰ॥ ਠਹਿਕਣ ਚੂਲਾਂ ਬਾਂਸ ਜਿਉਂ ਆਤਸ਼ ਪੈਦਾ ਹੋਇ॥ ਆਤਸ਼ ਗ਼ੁੱਸਾ ਸ਼ੈਤਾਨ ਹੈ ਜਲ ਬਲ ਮਰਦੇ ਦੋਇ॥ ਲਿਖਿਆ ਕਿਸ ਕਿਤਾਬ ਵਿੱਚ ਦਾਵਾ ਰਾਮ ਰਸੂਲ॥ ਸੋਧਹੁ ਚਾਰ ਕਿਤਾਬ ਵਿੱਚ ਸੋਧ ਹਦੀਸ ਮਸੂਲ॥ ਇੱਕ ਖ਼ੁਦਾਇ ਕੁਦਰਤ ਦੂਸਰੀ ਮਿਲਹਿ ਸੇ ਹੌਂਇ ਆਇ॥ ਪੈਦੇਦੁਹ ਥੀਂ ਕੀ ਹੋਇ ਹੈ ਦੇਹੋ ਸੱਚ ਬਤਾਇ॥ ਦੁਹਥੀਂ ਉਪਜੀਆਂ ਦਾਨਸ਼ੀ ਹੋਏ ਚਾਰ ਕਤੇਬ॥ ਚਾਰ ਕਉਲ ਖ਼ੁਦਾਇ ਦੇ ਚੌਹਾਂ ਇੱਕੋ ਭੇਦ॥ ਹੁੱਜਤ ਰਾਹ ਸ਼ੈਤਾਨ ਦਾ ਕੀਤਾ ਜਿਨਾਂ ਕਬੂਲ॥ ਸੋ ਦਰਗਹ ਢੋਈ ਨਾ ਲਹਨ ਭਰੇ ਨ ਸ਼ਫ਼ਾਤ ਰਸੂਲ॥ ਦਾਵਾ ਛੱਡਹੁ ਇਮਾਮ ਜੀ ਆਪਾ ਤਮਕ ਮਿਟਾਇ॥ ਨੇੜੇ ਮੂਲ ਨ ਆਵਈ ਦੋਜਕ ਸੰਦੀ ਭਾਇ॥ ਦੁਹੀਂ ਸਿਰੀ ਇੱਕ ਰਬ ਹੋਰ ਨ ਦੂਜਾ ਜਾਨ॥ ਹਿੰਦੂ ਮੁਸਲਮਾਨ ਦੁਇ ਸੂਰਤ ਜਾਨ ਸ਼ੈਤਾਨ॥ ਤੀਜਾ ਮਜ਼ਹਬ ਪਾਕ ਹੈ ਜੇ ਦਾਵਾ ਕਰੇਨ ਮੂਲ॥ ਲਿਖਿਆ ਵਿੱਚ ਕਿਤਾਬ ਦੇ ਕਹਿਆ ਖ਼ੁਦਾਇ ਰਸੂਲ॥ ਗ਼ੁੱਸਾ ਕਰਕੇ ਜਲ ਮਰਨ ਦੁਨੀ ਵਲੇਵੇ ਕਾਰ॥ ਦੁਹਾਂ ਮਜ਼ਹਬਾਂ ਤੇ ਗਏ ਭਰੇਨ ਮੁਰਸ਼ਦ ਹਾਮਿ॥੮॥

ਜਵਾਬ ਕਾਜ਼ੀ ਰੁਕਨਦੀਨ ਸੂਰਾ॥ ਆਖੇ ਕਾਜ਼ੀ ਰੁਕਨਦੀਨ ਸੁਣਹੁ ਚਾਰ ਇਮਾਮ॥ ਨਾਨਕ ਆਯਾ ਜਹਾਨ ਵਿਚ ਸੱਚਾ ਲੈ ਫ਼ਰਮਾਨ॥ ਆਖਣ ਸੱਭੇ ਹਾਜੀਆਂ ਨਾਲੇ ਬਹਾਵਦੀਨ ਪੀਰ॥ ਨਾਨਕ ਤਾਈਂ ਛੇੜਨਾ ਬਹੁਤੀ ਹੈ ਤਕਸੀਰ॥ ਆਖੇ ਸੈਦ ਜਲਾਲਦੀ ਆਖਨ ਸਭ ਸਦਾਤ॥ ॥ਨਾਨਕ ਵੱਡਾ ਪੀਰ ਹੈ ਸਾਹਿਬ ਵਡ ਕਰਮਾਤ॥ ਬੱਧੀ ਓਸ ਸਭ ਉਮੱਤੀ ਮੁਖਥੀਂ ਬਾਂਗ ਅਲਾਇ॥ ਹਾਜ਼ਰ ਨਾਜ਼ਰ ਸਭਸ ਜਾਇ ਨਾਨਕ ਵਲੀ ਖ਼ੁਦਾਇ॥ ਆਖ਼ਰ ਇਸ ਜਮਾਨੇ ਅੰਦਰ ਖਾਤਮ ਨਬੀ ਰਸੂਲ॥ ਖਾਤਮਾਂ ਦੇ ਸਿਰ ਖ਼ਤਮ ਹੈ ਨਾਨਕ ਰੱਬ ਕਬੂਲ॥ ਅਸਾਂ ਜਾਤਾ ਨਬੀਪਰ ਹੋਰ ਨ ਹੋਸੀ ਕੋਇ॥ ਦੁਹ ਫ਼ਿਰਕਿਆਂ ਤੇ ਬਾਹਰਾ ਜ਼ਾਹਿਰ ਨਾਨਕ ਹੋਇ॥ ਹਿੰਦੂ ਮੁਸਲਮਾਨ ਦੁਇ ਕੀਤੇ ਨੀ ਮਨਸੂਖ਼॥ ਲੈ ਫ਼ਰਮਾਨ ਖ਼ੁਦਾਇ ਦਾ ਨਾਨਕ ਕੀਆ ਖ਼ਰੂਜ॥ ਜਿਣ ਕਰ ਤੀਨੋ ਕੁੰਟ ਕਉ ਚੁਉਥੀ ਪਹੁੰਚਿਆ ਆਇ॥ ਚਉਥੀ ਕੁੰਟ ਭੀ ਜਿਣ ਲਈ ਸੱਚੀ ਰੱਖ ਪਨਾਹਿ॥ ਸੱਚਾ ਬਾਲਾ ਦਸਤ ਹੈ ਜੋ ਕਾਇਮ ਸਚ ਪਰ ਹੋਇ॥ ਕੂੜ ਨ ਪਹੁੰਚੇ ਸਚ ਨਾਲ ਜੇ ਸਉ ਦਉੜੇ ਕੋਇ॥੧੯॥

ਸਵਾਲ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਹਿੰਦਕੀ ਸੁਣਹੋ ਚਾਰ ਇਮਾਮ॥ ਮੁਸਲਮਾਨੀ ਹਿੰਦ ਵਿੱਚ ਕਿਉਂ ਕਰ ਹੋਈ ਆਨ॥ ਕਰਦੇ ਬਹੁਤ ਉਪਾਇ ਹੈਨ ਹੁਣ ਤਕ ਮੁਸਲਮਾਨ॥ ਯਕ ਸਿਰ ਹਿੰਦ ਨ ਹੋਵਸੀ ਸੱਭੋ ਕਰੋ ਬਿਆਨ॥ ਜਿਚਰ ਹੁਕਮ ਖ਼ੁਦਾਇਦਾ ਤਿਚਰ ਚਲਿਆ ਜੋਰ॥ ਜਾਂ ਭਾਵੈ ਖ਼ੁਦਾਇ ਫਿਰ ਉਪਰ ਭੇਜੇ ਹੋਰ॥ ਪਾਤਸ਼ਾਹਾਂ ਦੇ ਮਾਮਲੇ ਦਰੀਆਵਾਂ ਦੇ ਫੇਰ॥ ਸਭ ਗਲ ਹੱਥ ਖ਼ੁਦਾਇਦੇ ਲੋਕ ਕਰਨ ਮਨਸੂਬੇ ਢੇਰ॥ ਤੁਸਾਂ ਨੂੰ ਭੇਜਿਆ ਰੱਬ ਨੇ ਕਾਫ਼ਰ ਪਾਵਹੋ ਰਾਹਿ॥ ਜੇਹੜੇ ਰੱਬ ਨ ਮੰਨਦੇ ਹੋਇ ਹੈਂ ਗੁਮਰਾਹਿ॥ ਲੇ ਫ਼ਰਮਾਨ ਖ਼ੁਦਾਇਦਾ ਆਏ ਮੁਸਲਮਾਨ॥ ਮਾਰਨ ਗਊ ਗ਼ਰੀਬ ਨੂੰ ਦਿੱਤੇ ਭੁਲਾਇ ਸ਼ੈਤਾਨ॥ ਕਹਿੰਦੇ ਪਕੜ ਪਰਿੰਦਿਆਂ ਔਰ ਦਰਿੰਦੇ ਜੀਅ॥ ਮਾਰਨ ਛੁਰੀਆਂ ਲੱਤ ਦੇ ਕਹਿਣ ਹਲਾਲੀ ਥੀਅ॥ ਤੁਰਦੇ ਫਿਰਦੇ ਜੀਆਂ

ਨੂੰ ਦੇਵਨ ਤੁਰਕ ਅਜ਼ਾਰ॥ ਖਾਵਨ ਮਾਸ ਹਲਾਲ ਕਹਿ ਹੋਸਨ ਅੰਤ ਖ਼ੁਆਰ॥ ਅਗਲੀ ਪਿਛਲੀ ਸਭ ਗਲ ਬਿਲ ਕੁਲ ਦੇਹ ਬਤਾਇ॥ ਆਖਹੁ ਚਾਰ ਇਮਾਮ ਸ ਪੁੱਛੋ ਨਾਨਕ ਸ਼ਾਹ॥੨●॥

ਸੁਆਲ ਕਾਜ਼ੀ ਵ ਜੁਮਲਾ ਮੁਸਲਮਾਨ ਸੂਰਾ॥ ਸੁਣ ਵੋ ਨਾਨਕ ਹਿੰਦੂਆ ਪੁੱਛਨ ਮੁਸਲਮਾਨ॥ ਸਾਹਿਬ ਆਦਮ ਸਿਰਜਿਆ ਪਤਸ਼ਾਹਾਂ ਸਿਰ ਸੁਲਤਾਨ॥ ਆਦਮ ਦਾ ਕੀ ਮਜ਼ਹਬ ਸੀ ਏਹ ਭੀ ਦੇਇ ਬਿਆਨ॥ ਅੱਵਲ ਕੇਹੜਾ ਮਜ਼ਹਬ ਸੀ ਜਦ ਪੈਦਾ ਕੀਆ ਜਹਾਨ॥ ਹਿੰਦੂ ਸੀ ਤੇ ਮੁਸਲਮਾਨ ਦੁਇ ਵਿੱਚ ਇਕ ਠਹਿਰਾਇ॥ ਜੇ ਕਹਿਸੀ ਮੁਸਲਮਾਨ ਹੈ ਤੁਰਕ ਦੇਸਨ ਦੀਨ ਗਵਾਇ॥ ਹਿੰਦੂ ਕਹੈ ਸਜਾਇ ਹੈ ਤਾਂ ਦੇਸਨ ਬਹੁਤ ਅਜ਼ਾਬ॥ ਕਰਨ ਮੁਹਲਤ ਨਾਨਕਾ ਖੋਲਹੁ ਰੂਮ ਕਿਤਾਬ॥ ਬਹੁਤ ਦੱਬਿਆ ਹੀ ਕਾਜੀਆਂ ਪੀਰ ਕੀਤੇ ਨੀ ਸਭ ਜੇਰ॥ ਜਾਦੂ ਸੇਹਰ ਜਗਾਇਕੇ ਮੱਕਾ ਦਿੱਤਾ ਹੀ ਫੇਰ॥ ਹੁਣ ਆਯਾ ਹੱਦ ਮਦੀਨੇ ਰੂਮ ਦੀ ਇੱਥੋ ਛੁਟ ਸੀ ਨਾਹਿ॥ ਅੱਗੇ ਕਰਕੇ ਬਹੁ ਤਦਬੀਰੀਆਂ ਹੁਣ ਹਿਕ ਭੀ ਚਲਸੀ ਨਾਹਿ॥ ਜੋ ਖੋਲ੍ਹੇ ਇਸ ਰੂਮ ਨੂੰ ਸੋਈ ਅਵੱਲ ਫਕੀਰ॥ ਪੀਰ ਪੈਗੰਬਰ ਸਭਸ ਦੇ ਸਿਰਸ਼ਾਹਾਂ ਦੇ ਪੀਰ॥੨੬॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਹਿੰਦਗੀ ਸੁਣੋ ਸਭ ਮੁਸਲਮਾਨ॥ ਖੋਲ੍ਹ ਦਿਖਾਵਹੁੰ ਰੂੰਮ ਨੂੰ ਸੱਭੋ ਸੁਣਹੁ ਬਿਆਨ॥ ਅਰਬਾਨਾਸਰ ਮੇਲਕਰ ਆਦਮ ਸਿਰਜਿਆ ਖ਼ੁਦਾਇ॥ ਆਦਮ ਹੋਇਆ ਖ਼ੁਦਾਇ ਦੇ ਖ਼ਾਸ ਪੁੱਤ੍ਰ ਕਹਾਇ॥ ਜੈਸਾ ਮਜ਼ਹਬ ਬਾਪਦਾ ਪੁੱਤ੍ਰ ਭੀ ਤੈਸਾ ਹੋਇ॥ ਬੇਟੇ ਥੀਂ ਜੋ ਊਪਜੈ ਪੋਤ੍ਰਾ ਕਹੀਐ ਸੋਇ॥ ਆਦਮੋਂ ਹੋਇ ਚਾਰ ਪੁੱਤ੍ਰ ਚਾਰੋਂ ਰੁਕਨ ਪਛਾਨ॥ ਚਾਰੋਂ ਭੇਜੇ ਚਹੁਕੂੰਟੀ ਦੇਕੇ ਚਾਰ ਕਲਾਮ॥ ਹਾਬੀਲ ਭੇਜਿਆ ਹਿੰਦ ਨੂੰ ਕਾਬੀਲ ਅਰਬਸਤਾਨ॥ ਈਰਜ ਈਰਾਂ ਭੇਜਿਆ ਤੂਰਜ ਤੁਰਕਿਸਤਾਨ॥ ਚਾਰ ਕਿਤਾਬਾਂ ਸਾਥ ਏਸ ਚਾਰੋਂ ਕਰ ਉਪਦੇਸ਼॥ ਚਾਰੋਂ ਤਰਫ਼ਾਂ ਵੰਡਕੇ ਕੀਏ ਹਵਾਲੇ ਦੇਸ॥ ਸਿਰਤੋਂ ਭਾਰਾ ਡਾਰਕੇ ਰਹਿਆ ਕਿਨਾਰੇ ਹੋਇ॥ ਆਪੋ ਅਪਣੇ ਮਜ਼ਹਬ ਵਿਚ ਚਾਰੋਂ ਪਰਚੇ ਸੋਇ॥ ਚਾਰੋਂ ਰੁਕਨ ਚਾਰ ਹੱਦ ਕਰਨੇ ਲਾਗੇ ਰਾਜ॥ ਆਪੋ ਅਪਾਣੇ ਮਜ਼ਹਬ ਵਿਚ ਕੋਇ ਨ ਹੋਯਾ ਮੁਹਤਾਜ॥ ਹਿੰਦੂ ਹੋਏ ਹਾਬੀਲੋਂ ਕਾਬੀਲੋਂ ਮੁਸਲਮਾਨ॥ ਭਏ ਯਹੂਦੀ ਈਰ ਜੋਂ ਤੂਰਜੋਂ ਕਾਫ਼ਰ ਜਾਨ॥ ਨਾਉ ਮੁਹੰਮਦ ਮਹਾਂ ਦੇਉ ਬਾਬਾ ਆਦਮ ਨਾਉਂ॥ ਚਾਰੋਂ ਬੇਟੇ ਚਾਰ ਮਤ ਚਾਰੋਂ ਤਰਫ਼ ਪਛਾਨ॥ ਚਾਰ ਮਜ਼ਹਬ ਚਹੁ ਅੰਗ ਤੇ ਤਿਸਦਾ ਸੁਣਹੁ ਬਿਆਨ॥ ਮੁਖਤੇ ਹੋਇ ਬ੍ਰਹਮਣ ਬਾਜ਼ੂ ਖਤ੍ਰੀ ਜਾਨ॥ ਵੈਸ਼ ਉਪਾਏ ਰਾਨ ਤੋਂ ਪਾਉਂ ਸ਼ੁਦਰ ਪਛਾਨ॥ ਜਿਸਦਾ ਹੋਵੈ ਰਾਜ ਜਗ ਕਰੇ ਧਿਙਾਣਾ ਸੋਇ॥ ਹੋਰੀ ਦਾ ਕਿਹੁ ਨਾ ਚਲੇ ਜੇ ਕਰ ਦੇਖੇ ਕੋਇ॥ ਬ੍ਰਹਮਣ ਹੋਏ ਮਸ਼ਰਕੀ ਖਤ੍ਰੀ ਜਨੂਬੀ ਜਾਨ॥ ਵੈਸ਼ ਲਗੇ ਸੰਗ ਮਗਰਬੀ ਸ਼ੁਦਰ ਸੁਮਾਲ ਪਛਾਨ॥ ਜਿਸ ਜ਼ਮਾਨੇ ਦਾ ਅਮਲ ਹੋਇ ਸੋਈ ਖੁਲ੍ਹੇ ਕਿਤਾਬ॥ ਸੋਈ ਜਗ ਪਤਿ ਪਾਤਸ਼ਾਹ ਲਏ ਕਿਤਾਬ ਹਿਸਾਬ॥ ਜਿਸ ਜ਼ਮੇ ਦਾ ਅਮਲ ਹੋਇ ਤਿਸ ਵੱਲ ਹੋਇ ਖਰੂਜ॥ ਚੜ੍ਹ ਚੜ੍ਹ ਧਾਨ ਫਰੇਸ਼ਤੇ ਕਰ ਕਰ ਬਹੁਤੇ ਰੂਪ॥ ਚਾਰ ਮਵਕੱਲ ਚਹੁ ਤਰਫ ਚਾਰੋਂ ਹੁਕਮ ਬਰਦਾਰ॥ ਜੋ ਵਾਰਸ ਜਮਾਨ ਦਾ ਤਿਸ ਆਗੈ ਅਮਰ ਅਯਾਰ॥ ਚਾਰੋਂ ਵਾਰਸ ਤਖ਼ਤ ਦੇ ਰਹਿੰਦੇ ਸਦਾ ਹਜ਼ੂਰ॥ ਹਾਜ਼ਰ ਰਹਿੰਦੇ ਰਾਤ ਦਿਨ ਹੋਏ ਕਦੇ ਨ ਦੂਰ॥ ਇਸਰਾਇਲ ਜਬਰਾਇਲ ਮੇਕਾਇਲ ਪਛਾਣ॥ ਅਜ਼ਰਾਇਲ ਫਰੇਸ਼ਤਾ ਚਾਰ ਮਵੱਕਲ ਜਾਨ॥ ਚਾਰੋਂ ਵਾਰਸ ਤਖ਼ਤ ਦੇ ਹੁਕਮੀ ਬੰਦੇ ਚਾਰ॥ ਸਦਾ ਹਜ਼ੂਰੀ ਤਿਸ ਰਹੇ ਜੋ ਥੀਵੇ ਅਉਤਾਰ॥੨੭॥

ਸਵਾਲ ਇਮਾਮ ਕਮਾਲਦੀਨ ਸੂਰਾ॥ ਕਹੇ ਇਮਾਮ ਕਮਾਲਦੀਨ ਸੁਣਹੁ ਨਾਨਕ ਸ਼ਾਹ ॥ ਕਿਤਨੀਕ ਮੁੱਦਤ ਗੁਜ਼ਰੀਆ ਤਵਲਦ ਆਦਮ ਹਵਾਇ॥ ਕਿਤਨੀ ਕੁਰਸੀ ਬੀਤੀਆਂ ਏਹ ਭੀ ਕਰੋ ਸ਼ੁਮਾਰ॥ ਏਹੁ

ਹਕੀਕਤ ਗ਼ੈਬ ਦੀ ਖੋਲ੍ਹੌ ਵਡਾ ਸ਼ੁਮਾਰ॥ ਵਿੱਚ ਕਿਤਾਬਾਂ ਆਰਬੀ ਲਿਖਿਆ ਬਹੁਬਿਧ ਭਾਇ॥ ਜਦ ਤਕ ਜ਼ਿਮੀਂ ਅਸਮਾਨ ਹੈ ਆਦਮ ਤਦ ਕਹਾਇ॥ ਮੁਸਲਮਾਨ ਵਖਾਣ ਦੇ ਬੁਹ ਬਿਧ ਕਰੀ ਬੀਚਾਰ॥ ਆਦਮ ਪੈਦਾ ਹੋਇਆਂ ਬਰਸਾਂ ਪੰਜ ਹਜ਼ਾਰ॥੨੮॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸਚ ਸੁਣਹੁ ਕਮਾਲ ਇਮਾਮ॥ ਆਦਮ ਹੱਵਾ ਉਪਜਿਆ ਮੁੱਦਤ ਅਗਣਤੀ ਭਾਲ॥ ਕਈ ਅਗਨਤੀ ਜੁਗ ਥੀਏ ਗਣਤੀ ਗਿਣੀ ਨ ਜਾਇ॥ ਏਹ ਹਕੀਕਤ ਗ਼ੈਬਦੀ ਜਾਣੇ ਆਪ ਖ਼ੁਦਾਇ॥ ਉਠੇ ਬਹੁ ਤਦਬੀਰ ਕਰ ਲਿਖ ਗਏ ਬਹੁਤ ਉਲਮਾਇ॥ ਪੰਡਤ ਬਹੁਤੇ ਭਾਇ ਕਰ ਕਹਿੰਦੇ ਬਹੁ ਬਿਧ ਤਾਹਿ॥ ਆਦਮ ਥੀਂ ਹੋਇ ਚਾਰ ਪੁਤ੍ਰ ਚਾਰੇ ਭਏ ਇਮਾਮ॥ ਕਿਸਮਤ ਚਾਰੋਂ ਕੁੰਟ ਚਾਰ ਚਾਰੋਂ ਮਿਲੇ ਨੀਸ਼ਾਨ॥ ਹਾਬੀਲ ਹੋਆ ਮਸ਼ਰਕੀ ਤਿਸਥੀਂ ਕੌਮਾਂ ਚਾਰ॥ ਬ੍ਰਾਹਮਣ ਖਤ੍ਰੀ ਵੈਸ਼ ਸੂਦ ਚਾਰ ਇਮਾਮ ਵੀਚਾਰ॥ ਪ੍ਰਸਤਸ ਆਫ਼ਤਾਬ ਕੀ ਮਸ਼ਰਕ ਸੀਸ ਨਿਵਾਇ॥ ਜਾਨਣ ਰੱਬ ਆਫ਼ਤਾਬ ਹੈ ਹੋਰ ਨ ਕਹਿਨ ਖ਼ੁਦਾਇ॥ ਕਾਬੀਲ ਹੋਆ ਮਗਰਬੀ ਤਿਸਥੀਂ ਕੌਮਾਂ ਚਾਰ॥ ਰੂਮੀ ਜੰਗੀ ਇਰਮਨੀ ਫ਼ਰੰਗੀ ਸਲਾਰ॥ ਪ੍ਰਸਤਿਸ ਕਰਹਿ ਮਹਤਾਬ ਦੀ ਜਾਣਹਿ ਏਹ ਖ਼ੁਦਾਇ॥ ਏਹ ਭੀ ਆਪਣੇ ਮਜ਼ਹਬ ਵਿਚ ਹੋਇ ਰਹੇ ਗੁਮਰਾਹਿ॥ ਤੂਰ ਸ਼ਮਾਲੀ ਹੋਇਆ ਤਿਸਥੀਂ ਕੌਮਾਂ ਚਾਰ॥ਉਜਬਕ ਯੁਜਬਕ ਕਾਫ਼ਰਾਂ ਅਉਰ ਕਿਲਮਾਕ ਬੀਚਾਰ॥ ਕਾਫ਼ਰ ਹੋਇ ਬੁਤ ਪ੍ਰਸਤ ਜਾਨਨ ਬੁਤ ਖ਼ੁਦਾਇ॥ ਤਿਸਕਰ ਕਾਫ਼ਰ ਆਖੀਅਨ ਹੋਇ ਰਹੇ ਗੁਮਰਾਹਿ॥ ਈਰ ਜਨੂਬੀ ਹੋਇਆ ਚਾਰ ਕਉਮ ਉਪਜਾਇ॥ ਭੀਲ ਮਰਹੱਟੇ ਘੇਤਲੇ ਚਉਥਾ ਕਿਬਲ ਬਾਸ॥ ਕਰ ਪ੍ਰਸਤਿਸ ਆਤਸ਼ੇ ਨਾਉਂ ਯਹੂਦਾ ਸੋਇ॥ ਆਪੋ ਆਪਣ ਮਜ਼ਹਬ ਵਿੱਚ ਚਾਰੋਂ ਕਾਇਮ ਹੋਇ॥ ਆਪਣਾ ਮਜ਼ਹਬ ਛੋਡ ਕਰ ਆਵੈ ਹੋਰਸ ਮਾਹਿ॥ ਤਿਸਕੋ ਮਲਹਦ ਸੱਭ ਕਹੇ ਕਾਫ਼ਰ ਅਸ਼ਦ ਕਹਾਹਿ॥ ਮਸ਼ਰਕ ਪਾਣੀ ਦਾਗ਼ ਹੈ ਦੇਵਨ ਨਦੀ ਵਹਾਇ॥ਦਸ਼ਹਿ ਗ਼ਰੂਬੀ ਗੌਰ ਵਿਚ ਖ਼ਾਕੀ ਦਾਗ਼ ਕਹਾਇ॥ ਮਰੇ ਸ਼ਮਾਲੀ ਕਾਫ਼ਰਾਂ ਸੱਟਨ ਵਿਚ ਉਜਾੜ॥ ਖਾਹਨ ਕਉਏ ਕੁਕਰੇ ਗਿੱਦੜ ਅਉਰ ਬਘਿਆੜ॥ ਮਰੇ ਯਹੂਦ ਜਨੂਬੀਆ ਕੁੱਟਣ ਅਗਨ ਜਲਾਇ॥ ਦਾਗ਼ ਕਹਾਵੈ ਆਤਸ਼ੀ ਮੋਆ ਪ੍ਰੇਤ ਕਹਾਇ॥ ਚਾਰ ਕਤੇਬਾ ਚਾਰ ਜੁਗ ਚਾਰੋਂ ਮਜ਼ਹਬ ਪਛਾਨ॥ ਆਪੋ ਅਪਣੇ ਮਜ਼ਹਬ ਵਿਚ ਚਾਰੋਂ ਹੈਂ ਸੁਲਤਾਨ॥ ਜੈਸੀ ਖੇਲ ਚਉਸਾਰ ਕੀ ਬੈਠੇ ਹੱਦਾਂ ਮਲ॥ ਝੰਡੇ ਆਪੋ ਆਪਣੇ ਆਪੋ ਆਪਣੀ ਢਾਲ॥ ਕਲਜੁਗ ਵਿੱਚ ਮਨਸੂਖ ਕਰ ਚਾਰੋਂ ਦੀਏ ਉਠਾਇ॥ ਚਾਰੋਂ ਦਾਗ ਪਵਿੱਤ੍ਰ ਹੈਂ ਅਰਬਾਨਾਸਰ ਭਾਇ॥ ਵਿੱਚ ਬੇਦ ਅਥਰਬਣ ਲਿਖਿਆ ਧਰਤ ਪਵਿੱਤ੍ਰ ਦਾਗ॥ ਧਰਤੀ ਵਿੱਚ ਬਹਾਈਐ ਲੋਣੇ ਸੇਤੀ ਦਾਬ॥ ਧਰਤੀ ਵਿੱਚ ਬੈਠਾਇਆ ਜੋਗੀ ਤੇ ਅੰਨਿਆਸ॥ ਖਟ ਦਰਸ਼ਨ ਗੁਰ ਹਿੰਦੂਆਂ ਸਭਨਾਂ ਧਰਤੀ ਆਸ॥ ਜਿਚਰ ਗੰਗਾ ਛਪਨ ਨਹਿ ਤਿਚਰ ਅਗਨੀ ਦਾਗ਼॥ ਗੰਗਾ ਹੋਸੀ ਅਲੋਪ ਜਬ ਤਦ ਹੋਸੀ ਧਰਤੀ ਦਾਗ਼॥ ਧਰਤੀ ਧੀਰਜ ਧਰਮਸਾਲ ਸਭ ਧਰਤੀ ਉਪਰ ਹੋਇ॥ ਪੰਜੇ ਤਤ ਵਿਰੋਲ ਕਰ ਧਰਤੀ ਕੱਢੀ ਗੋਇ॥ ਕਲਜੁਗ ਧਰਤ ਪਵਿੱਤ੍ਰ ਹੈ ਰਹੀ ਨਿਮਾਣੀ ਹੋਇ॥ ਚਰਨਾਂ ਤਲੇ ਲੀਨ ਹੈ ਊਪਰ ਸਗਲੀ ਲੋਇ॥ ਕਲਜੁਗ ਕੀ ਮਿਰਜਾਦ ਹੈ ਚਾਰ ਲਖ ਬੱਤੀ ਹਜਾਰ॥ ਸਾਰਾ ਕਲਜੁਗ ਭੋਗਸੀ ਨਾਨਕ ਧਰੇ ਅਉਤਾਰ॥ ਧਰਤੀ ਗਊ ਸਰੂਪ ਹੈ ਅਹਿਨਿਸ ਕਰੇ ਪੁਕਾਰ॥ ਹੈ ਕੋਈ ਐਸਾ ਸਾਧ ਜੋ ਮੈਨੂੰ ਲਏ ਉਬਾਰ॥ ਦੁਖੀ ਪੁਕਾਰੇ ਰੈਨ ਦਿਨ ਪਾਪਾਂ ਭਾਰੀ ਹੋਇ॥ ਵਡਾ ਪਾਪ ਗਊ ਬਧ ਹੈ ਜਿਸ ਪਰ ਸਾਰੀ ਲੋਇ॥ ਖਲੋਤੀ ਇਕ ਹੀ ਪੈਰ ਪਰ ਤ੍ਰੈ ਪਾ ਹੋਏ ਨਾਸ॥ ਜਾਇ ਕੁੰਭੀ ਜਗ ਮੈਂ ਰਹੇ ਤਾਂ ਧਰਤੀ ਨਿਘਰ ਜਾਇ॥ਚਾਰੋਂ ਮਰਾਤਬ ਜਹਾਨ ਦੇ ਸੁਣਹੁ ਚਾਰ ਇਮਾਮ॥ ਜਯੋਂ ਜਯੋਂ ਵਰਤਿਆ ਜਗ ਵਿੱਚ ਸਭੇ

ਸੁਣਹੁ ਬਿਆਨ॥ ਖੱਤ੍ਰੀ ਬਾਦੀ ਨਾਰ ਹੈ ਮੋਇਆਂ ਖੜੇ ਉਡਾਇ॥ ਬ੍ਰਹਮਚਾਰੀ ਆਬੀ ਦਾਗ਼ ਹੈ ਵਿਚ ਪਾਣੀ ਦੇ ਨ੍ਹਵਾਹਿ॥ ਵੈਸ਼ਾਂ ਆਤਸ਼ ਦਾਗ਼ ਹੈ ਵਿੱਚ ਅਗਨੀ ਦੇ ਜਲਾਇ॥ ਸੂਦਰ ਧਰਤੀ ਦਾਗ਼ ਹੈ ਧਰਤੀ ਵਿੱਚ ਬਠਾਇ॥ ਬਾਦੀ ਦਾਗ਼ ਦੇਵਤਿਆਂ ਮਾਨਸ ਆਬੀ ਦਾਗ਼॥ ਅਗਨੀ ਦਾਗ਼ ਪ੍ਰੇਤ ਹੋਇ ਧਰਤੀ ਸੁੰਨ ਸਮਾਧ॥ ਜਿਚਰ ਅਮਲ ਦੈਤ ਦਾ ਤਬ ਹੋਸੀ ਧਰਤੀ ਦਾਗ਼॥ ਬਾਦੀ ਦਾਗ਼ ਹੈ ਬਿਸ਼ਨ ਦਾ ਬ੍ਰਹਮੇ ਆਬੀ ਦਾਗ਼॥ ਦਾਗ਼ ਮਹੇਸ਼ਰ ਆਤਸ਼ੀ ਸ਼ਕਤੀ ਧਰਤੀ ਦਾਗ਼॥ ਇੱਕ ਰਿਖੀਸਰ ਮੁਨੀਸ਼ਰ ਦੋਇ ਬਿਧਿ ਹੈ ਸੰਸਾਰ॥ ਰਿਖੀਸਰ ਜੋ ਜਟਾਧਾਰ ਮੁਨੀਸ਼ਰ ਮੁਨਾਏ ਵਾਰ॥ਜਟਾ ਧਾਰੀ ਜੋ ਮਰੈ ਤਿਸ ਦੀਜੈ ਧਰਤੀ ਦਾਗ॥ ਮੋਨ ਮੁਨੀਸਰ ਜੋ ਮਰੈ ਤਿਸ ਅਗਨੀ ਦੇ ਸਮਾਜ॥ ਆਤਸ਼ ਦਾਗ਼ੀ ਪ੍ਰੇਤ ਹੈ ਬਿਨ ਕਰਮਾਂ ਗਤ ਨਹੀਂ ਹੋਇ॥ ਜੁਗ ਜੁਗ ਇੱਕੋ ਧਰਮ ਹੈ ਧਰਮ ਨ ਦੂਜਾ ਸੋਇ॥ ਸਤਜੁਗ ਅੰਦਰ ਜੋ ਮਰੇ ਫੇਰ ਤ੍ਰੇਤੇ ਧਰੇ ਉਤਾਰ॥ ਤ੍ਰੇਤੇ ਅੰਦਰ ਜੋ ਮਰੇ ਫਿਰ ਦੁਆਪਰ ਧਰੈ ਉਤਾਰ॥ ਦੁਆਪਰ ਅੰਦਰ ਜੋ ਮਰੇ ਫਿਰ ਉਤਰੇ ਕਲਜੁਗ ਸੋਇ॥ ਕਲਜੁਗ ਅੰਦਰ ਜੋ ਮਰੇ ਫਿਰ ਜਨਮ ਨ ਦੂਜਾ ਹੋਇ॥ ਜੋ ਸਾਬਤ ਮਰੇ ਈਮਾਨ ਵਿੱਚ ਖ਼ਾਹਸ਼ ਰਹੇ ਨ ਕਾਇ॥ ਤਿਸ ਆਵਾਗਉਨ ਨ ਹੋਇ ਫਿਰ ਆਖਿਆ ਆਪ ਖ਼ੁਦਾਇ॥ ਧਰਤੀ ਵਿੱਚੋਂ ਉਪਜਿਆ ਫਿਰ ਧਰਤੀ ਮਿਲਿਆ ਜਾਇ॥ ਕਰ ਇਤਬਾਰ ਖ਼ੁਦਾਇ ਤੇ ਓਇ ਫੇਰ ਨ ਜਨਮੇ ਆਇ॥ ੨੮॥

ਸੁਆਲ ਚਾਰ ਇਮਾਮ ਸੂਰਾ॥ ਸੁਣਹੋ ਨਾਨਕ ਹਿੰਦ ਕੀ ਆਖਣ ਚਾਰ ਇਮਾਮ॥ ਧਰਤੀ ਵਿੱਚ ਸਮਾਈਅਨ ਖ਼ਾਸੇ ਮੁਸਲਮਾਨ॥ ਹਿੰਦੂ ਕੀਲਗ ਧਰਤ ਨਾਲ ਜੋ ਆਤਸ਼ ਵਿੱਚ ਜਲਾਇ॥ ਹੋਇ ਜਹੂਦਾਂ ਕਾਫ਼ਰਾਂ ਦੋਜ਼ਕ ਲਹੇਂ ਸਜ਼ਾਇ॥ ਅੱਵਲ ਦੋਜ਼ਕ ਆਤਸ਼ੀ ਜੇ ਜੁੱਸੇ ਘੱਤੇ ਸਾੜ॥ ਰੂਹ ਵਿਛੁੰਨਾ ਜੁੱਸਿਓਂ ਮੁਖਹੁ ਪੁਕਾਰੇ ਧਾੜ॥ ਆਤਸ਼ ਵਿੱਚ ਪੁਕਾਰਦਾ ਸੁਣੇ ਨ ਕੋਈ ਦਾਦ॥ ਕਉਣ ਛਡਾਵੇ ਤਿਸ ਨੂੰ ਜੋ ਆਤਸ਼ ਸੜਿਆ ਯਾਦ॥ ਇਸ ਆਖ਼ਰ ਜ਼ਮਾਨੇ ਵਿੱਚ ਆਦਮ ਸੜਿਆ ਅਜ਼ਾਬ॥ ਖ਼ੁਦਾਇ ਰਸੂਲ ਫ਼ਰਮਾਇਆ ਲਿਖਿਆ ਵਿੱਚ ਕਿਤਾਬ॥ ਰੂਹਨਾ ਜੁਦਾ ਜੁਸਿਓਂ ਅਰਬਾਨਾਸਰ ਏਕ॥ ਹਿਕਸ ਹਿਕਸ ਰਾਗ ਅੰਗ ਕਹੇ ਇਮਾਮ ਬਿਬੇਕ॥ ਪਿਛਲੇ ਜੁਗ ਮਨਸੂਖ ਹੈਨ ਅਮਲ ਤਿਨਾਂ ਦਾ ਨਾਹਿ॥ ਕਲਜੁਗ ਅਮਲ ਹੈ ਖ਼ਾਕ ਦਾ ਸਭ ਖਾਕੇ ਵਿੱਚ ਸਮਾਹਿ॥ ਖਾਕ ਬਹਿਸ਼ਤ ਮੁਕਾਮ ਹੈ ਦੋਜ਼ਕ ਦੀ ਨਹੀ ਜਾਇ॥ ਕਹੇ ਇਮਾਮ ਸੁਨ ਨਾਨਕਾ ਹਿੰਦੂ ਛਡਨ ਰਾਹ ਗੁਮਰਾਇ॥੨੯॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਹਿੰਦਗੀ ਸੁਣਹੋ ਚਾਰ ਇਮਾਮ॥ ਮੁਇਆਂ ਦੁੱਖਨ ਰੂਹ ਨੋਂ ਮਿਟੀ ਸੁੰਨ ਸਮਾਨ॥ ਇੱਕ ਦਬੀਅਨ ਇੱਕ ਸਾੜੀਅਨ ਇੱਕ ਦਿੱਚਨ ਨਦੀ ਰੁੜਾਇ॥ ਇੱਕ ਪੈ ਰਹੇ ਮੈਦਾਨ ਵਿੱਚ ਗਏ ਕਉਏ ਕੂਕਰ ਖਾਇ॥ ਰੂਹੇ ਦੁੱਖਨ ਪੋਹਿਆ ਖ਼ਾਕ ਮਿਲੀ ਸੰਗਖ਼ਾਕ॥ ਮੋਇਆਂ ਜੁੱਸਾ ਪਲੀਤ ਹੋਇ ਮਿਲ ਖ਼ਾਕੇ ਹੋਵੇ ਪਾਕ॥ ਦੱਬਨ ਸੜਨ ਲੁੜਾਵਣਾ ਪਇਆ ਰਹੇ ਧਰ ਮਾਹਿ॥ ਜੁਗਾਂ ਜੁਗਾਂ ਦੇ ਧਰਮ ਹੈਂ ਆਪੋ ਆਪਣੇ ਵਾਹਿ॥ ਦਬਿਆਂ ਨ ਮੁਸਲਮਾਨ ਹੋਹਿ ਸੜਿਆਂ ਨ ਕਾਫ਼ਰ ਹੋਇ॥ ਜੇਹੀ ਜ਼ਮਾਨੇ ਚਾਲਹੈ ਤੇਹੀ ਵਰਤੈ ਲੋਇ॥ ਜੋਗੀ ਤੇ ਸੰਨਿਆਸੀਆਂ ਖਟ ਦਰਸ਼ਨ ਹਿੰਦੂਵਾਨ॥ ਧਰਤੀ ਵਿੱਚ ਬੈਠਾਇਆਂ ਹੋਇ ਨ ਮੁਸਲਮਾਨ॥ ਧਰਤੀ ਵਿੱਚ ਬੈਠਾਵਣਾ ਕਲਜੁਗ ਦਾਗ਼ ਪਰਵਾਨ॥ ਬੇਦਾ ਅੰਦਰ ਲਿਖਿਆ ਜਨ ਨਾਨਕ ਕਹੈ ਬਖਾਨ॥ ਜੋ ਉਰੇ ਉਰਦੀਆਂ ਹੁੱਜਤਾ ਪੇਸ਼ ਨ ਜਾਵੈ ਕਾਇ॥ ਸੋਈ ਵਰਤੈ ਜਗਤ ਵਿੱਚ ਜਯੋਂ ਜਯੋਂ ਖ਼ਸਮ ਰਜ਼ਾਇ॥ ੩●॥

ਜਵਾਬ ਇਮਾਮ ਕਮਾਲਦੀਨ ਸੂਰਾ॥ ਕਹੇ ਇਮਾਮ ਕਮਾਲਦੀਨ ਸੁਣਹੁ ਨਾਨਕ ਸ਼ਾਹ ਫ਼ਕੀਰ॥ ਥੀਆ ਸਹੀ ਹਲਾਲ ਜਿਉਂ ਤਿਸਦੀ ਸੁਣ ਤਦਬੀਰ॥ ਸਾਜਿਆ ਰੱਬ ਦਾਉਦ ਨੋਂ ਦੇਇ ਲੁਹਾਰੀ ਸਾਜ॥ ਆਯਾ ਘਿੰਨ ਪੈਕੰਬਰੀ ਜੋ ਰੱਬ ਫ਼ਰਮਾਇ ਅਵਾਜ॥ ਅੱਵਲ ਆਦਮ ਸਾਜਿਆ ਕਾਨ ਹੈਵਾਨ ਨਬਾਤ॥ ਖ਼ਾਲੀ ਦਿੱਸੇ ਨ ਜਾਇ ਕਾ ਖ਼ਾਲੀ ਘਾਟ ਨਬਾਤ॥ ਦਾਊਦ ਕੁਹਾੜਾ ਸਾਜਿਆ ਦੂਜੀ ਕਾਤੀ ਨਾਲ॥ ਕੁਹਾੜਾ ਵੱਢੇ ਨਬਾਤ ਨੋ ਕਾਤੀ ਕਰੇ ਹਲਾਲ॥ ਖ਼ਾਲੀ ਥੀਈ ਜ਼ਮੀਨ ਤਬ ਜਾਂ ਕਟੀ ਹੈਵਾਨ ਨਬਾਤ॥ਲਿਖਿਆ ਵਿੱਚ ਕਿਤਾਬ ਦੇ ਸਭ ਥੀਂ ਨਿਆਮਤ ਪਾਕ॥ ਜੇਇਤ ਸ਼ਈਂ ਨ ਮਾਰੀਅਨ ਵਤ ਬਹੇ ਜ਼ਿਮੀਨੇ ਮਲ॥ ਇਨਾਂ ਮਾਰਨ ਰਵਾ ਹੈ ਜੋ ਥੀਈ ਹਲਾਲੀ ਗਲ॥ ੩੬॥

ਜਵਾਬ ਨਾਨਕ ਸ਼ਾਹ ਸੁਰਾ॥ ਆਖੇ ਨਾਨਕ ਸ਼ਾਹ ਸਚ ਸੁਣਹੁ ਇਮਾਮ ਕਮਾਲ॥ ਜੋ ਗ਼ਾਲਬ ਹੋਇ ਇਨਸਾਨ ਪਰ ਮਾਰਨ ਤਿਸੇ ਹਲਾਲ॥ ਗਊ ਭੈਂਸ ਜੇ ਮੁਰਗੀਆ ਜੋ ਹੋਇ ਹੈਵਾਨ ਗ਼ਰੀਬ॥ ਤਿਹ ਪਰ ਛੁਰੀ ਹਰਾਮ ਹੈ ਖਾਵਨ ਤਿਨਾ ਪਲੀਤ॥ ਦਸ਼ਮਣ ਜੋ ਇਨਸਾਨ ਦੇ ਤਿਨਾਂ ਦਾ ਮਾਸ ਹਲਾਲ॥ ਮਾਰਨ ਤਿਨਾਂ ਰਵਾ ਹੈ ਸੁਣੋ ਇਮਾਮ ਕਮਾਲ॥ ਜ਼ਬਰਾਂ ਮਾਰ ਨ ਹੰਘੀਐ ਜੋ ਕਰਨ ਅੱਗੋਂ ਤੇ ਜ਼ੋਰ॥ ਤਿਸ ਪਰ ਜ਼ੋਰ ਨਾ ਲਗੈ ਦੇਨ ਹਰਾਮ ਕਰ ਛੋਰ॥ ਜ਼ਾਲਮ ਮਾਰ ਨ ਹੰਘੀਅਨ ਚੀਤੇ ਸ਼ੇਰ ਪਲੰਗ॥ ਤਿਨਾਂ ਛੱਡ ਹਰਾਮ ਕਰ ਜੋ ਮਾਰਨ ਅੱਗੋਂ ਚੰਗ॥ ਜੋਇ ਬਚਾਰੇ ਜਾਨਵਰ ਮਾਰਨ ਤਿਨਾਂ ਹਲਾਲ॥ ਬਿਨਾਂ ਰਜ਼ਾਇ ਖ਼ੁਦਾਇ ਦੀ ਤਿਹ ਪਰ ਛੁਰੀ ਜ਼ਵਾਲ॥ ਮੁਈ ਸ਼ੈ ਮੁਰਦਾਰ ਹੈ ਸਹਿਕੇ ਜਾਨ ਕਿਵਾਇ॥ ਖਾਣੀ ਏਹ ਹਲਾਲ ਹੈ ਤਿਸਪਰ ਛੁਰੀ ਰਵਾਇ॥ ਖਾਧਿਆਂ ਮਾਸ ਗੁਨਾਹ ਜੋ ਜ਼ੋਰੀ ਕੀਆ ਹਲਾਲ॥ ਜ਼ੋਰੀ ਕੁੱਠਾ ਹਰਾਮ ਹੈ ਤਿਸਤੇ ਹੋਇ ਜ਼ਵਾਲ॥ ੩੭ ॥

ਗੁਰੂ ਨਾਨਕ ਸਾਹਿਬ ਨੇ ਇਥੇ ਰੱਬੀ ਧੁਨ ਗਾਕੇ ਇਸਲਾਮ ਮੱਤ ਦੇ ਅਸੂਲਾਂ ਦਾ ਵਰਣਨ ਕੀਤਾ ਤੇ ਦਸਿਆ ਕਿ ਪਥੱਰ ਦਿਲ ਲੋਕ ਹੀ ਅਸਲ ਵਿਚ ਕਾਫ਼ਰ ਹੁੰਦੇ ਹਨ ਜਿਨਾਂ ਦੇ ਮਨ ਵਿਚ ਦਯਾ ਧਰਮ ਨਹੀਂ, ਆਦ ਆਦ,

ਸੁਆਲ ਪੀਰ ਬਹਾਵਦੀਨ ਸੂਰਾ॥ ਆਖੇ ਪੀਰ ਬਹਾਵਦੀਨ ਸੁਣਹੁ ਨਾਨਕ ਸ਼ਾਹ॥ ਸੱਭੇ ਗੱਲਾਂ ਛੋਡ ਕਰ ਚਲੀਐ ਸਿੱਧੇ ਰਾਹ॥ ਰਾਹ ਰਿਆਜ਼ਤ ਚੱਲੀਐ ਛਡੀਐ ਰਾਹ ਸ਼ਿਤਾਨ॥ ਛੱਡੀਐ ਝਗੜੇ ਦੁਨੀ ਦੇ ਛੱਡ ਹਿੰਦੂ ਮੁਸਲਮਾਨ॥ ਰਾਹ ਨ ਦੋਹਾਂ ਪਾਇਆ ਕੂੜੇ ਝਗੜੇ ਲੱਗ॥ ਜਿਉਂ ਚੋਰ ਮਿਲਨ ਜਾਇ ਚੋਰ ਨੂੰ ਠੱਗਾਂ ਮਿਲਦੇ ਠੱਗ॥ ਸਾਧੂ ਮਿਲਦੇ ਸਾਧੂਆਂ ਸੱਚਾ ਰਾਹ ਪਛਾਨ॥ ਚਲੀਐ ਰਾਹ ਖ਼ੁਦਾਇਦੇ ਜੋ ਆਖਰ ਆਵੈ ਕਾਮ॥ ਹੁਣ ਕੀਚੈ ਗੱਲ ਖ਼ੁਦਾਇ ਦੀ ਮਿਲਣੇ ਦਾ ਦਸ ਰਾਹ॥ ਦਸ ਰਿਆਜ਼ਤ ਬੰਦਗੀ ਦਸੋ ਸਭ ਸਨਾਹਿ॥ ਕਿਉਂਕਰ ਮਿਲੀਐ ਰੱਬ ਕੂੰਕੀ ਕੁਛ ਲੈਕੇ ਭੇਟ॥ ਜਿਤ ਪਾਈਐ ਦੀਦਾਰ ਖ਼ੁਦਾਇ ਦਾ ਫਿਰ ਲਗੈ ਨ ਜਮ ਕੀ ਫੇਟ॥ ਸਾਹਿਬ ਮਿਲੈਤ ਕਰਮ ਹੋਇ ਜਨਮ ਮਰਨ ਦਾ ਰਾਹ॥ ਆਖੇ ਪੀਰ ਬਹਾਵਦੀਨ ਸਚ ਦੱਸੌ ਬਰਖ਼ੁਦਾਇ॥ ੩੮॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸੱਚ ਸਣੋ ਬਹਾਵਦੀਨ ਪੀਰ॥ ਰਾਹ ਖ਼ੁਦਾਈ ਸਖ਼ਤ ਹੈ ਕਰਦਾ ਬਹੁਤ ਜ਼ਹੀਰ॥ ਵਾਲਹੁ ਨਿੱਕੀ ਆਖੀਐ ਖੰਨਿਅਹੁ ਤ੍ਰਿਖੀ ਧਾਰ॥ ਇਨ ਕੋਲੋ ਬਾਰੀਕ ਹੈ ਕਿਉਕਰ ਜਾਈਐ ਪਾਰ॥ ਇਹ ਮਨ ਹਾਥੀ ਹੋਇ ਰਹਿਆ ਖ਼ੁਦੀ ਤਕਬਰ ਨਾਲ॥ ਕਯੋਂ ਕਰ ਲੰਘੀਐ ਪੀਰ ਜੀ ਊਠ ਭਰੇ ਸੰਗ ਮਾਲ॥ ਤੰਬੂ ਦੇ ਸਰਾਇ ਦੇ ਲਸ਼ਕਰ ਲੋਹ ਹਜ਼ਾਰ॥ ਜੇ ਤਕੀਆ ਕੀਤਾ ਹਈ ਰੱਬ ਦਾ ਤਾਂ ਸਾਥੀ

ਸਭ ਵਿਸਾਰ॥ ਕਰ ਅੱਲਹ ਦੀ ਬੰਦਗੀ ਏਕਾ ਏਕੀ ਹੋਇ॥ ਪਾਸ ਨ ਰਖੀਐ ਦੂਸਰਾ ਬਿਨ ਮੁਰਸ਼ਦ ਨਾਹੀ ਕੋਇ॥ ਸਿਲ ਆਲੂਣੀ ਚੱਟੀਐ ਸੱਚੇ ਮਾਰਗ ਲੱਗ॥ ਜਿਤੀ ਦਿੱਸਨ ਉਮਤੀ ਏਹ ਸਭ ਦੁਨੀਆਂ ਦੇ ਠੱਗ॥ ਆਖ਼ਰ ਬੇਲੀ ਕੋਈ ਨਹੀਂ ਬਾਝਹੁੰ ਪਾਕ ਖ਼ੁਦਾਇ॥ ਆਖੇ ਨਾਨਕ ਪੀਰ ਸੁਣ ਆਵਹੁ ਸੱਚੇ ਰਾਹਿ॥੩੯॥

ਸੁਆਲ ਕਾਜ਼ੀ ਰੁਕਨਦੀਨ ਸੂਰਾ॥ ਆਖੇ ਕਾਜ਼ੀ ਰੁਕਨਦੀਨ ਸੁਣੀਐ ਨਾਨਕ ਸ਼ਾਹ॥ ਤ੍ਰੀਹੇ ਹਰਫ਼ ਕੁਰਾਨ ਦੇ ਸਾਜੇ ਆਪ ਅਲਾਹ॥ ਮਾਇਨੇ ਇਕ ਇਕ ਹਰਫ਼ ਦੇ ਕਹੀਐ ਕਰ ਤਦਬੀਰ॥ ਜਿਸ ਮਰਾਤਬ ਕਉ ਪਹੁਚਿਆ ਕੇ ਸਾਧੂ ਕੇ ਪੀਰ॥ ਅਲਫ਼ ਬੇ ਫਰਮਾਈਅਹਿ ਮਾਇਨੇ ਕਰਕੇ ਬਿਆਨ॥ ਤੁਸੀਂ ਭੀ ਆਖਹੁ ਸ਼ਾਹ ਜੀ ਸੱਚੀ ਰੱਬ ਕਲਾਮ॥ ਸਿਫਤ ਤਮਾਮੀ ਰੱਬ ਦੀ ਸੱਭਾ ਖੋਲ੍ਹ ਸੁਣਾਇ॥ ਆਖੇ ਕਾਜੀ ਰੁਕਨਦੀਨ ਕਹੀਐ ਬਰਾਖੁਦਾਇ॥ ਹਿੰਦੂ ਮੁਸਲਮਾਨ ਦੋਇ ਦਿਸਦੇ ਹਨ ਗੁਮਰਾਹਿ॥ ਬਾਝੂ ਝਗੜੇ ਹੋਰ ਨਹਿ ਢੂੰਡੇ ਸਚ ਨ ਰਾਹਿ॥ ਜੇਹੜੀ ਗੱਲ ਖ਼ੁਦਾਇ ਦੀ ਕਹੇ ਕੋਈ ਮੂਲ॥ ਕਾਰਨ ਲਾਲਚ ਦੁਨੀ ਦੇ ਝਗੜੇ ਰਾਮ ਰਸੂਲ॥ ਰਾਹ ਸੱਚਾਵਾ ਦੱਸੀਐ ਜੇਵਸਿਆਵੈਜੀਉ॥ ਹੁੱਜਤ ਹਾਜਤ ਵਰਜ ਕਰ ਰਹੇ ਨਿਮਾਣਾ ਥੀਓ॥ ॥੪●॥

ਜਵਾਬ ਨਾਨਕ ਸ਼ਾਹ ਸੂਰਾ॥ ਸੁਣਹੋ ਕਾਜ਼ੀ ਰੁਕਨਦੀਨ ਆਖੇ ਨਾਨਕ ਪੰਦ॥ ਸੈਈਂ ਸਿਆਣੀ ਗੱਲ ਵਿੱਚ ਤਿਸ ਵਿੱਚ ਬਹਤੇ ਬੰਦ॥ ਤੀਹੇ ਹਰਫ਼ ਕੁਰਾਨ ਦੇ ਤ੍ਰੀਹ ਸਪਾਰੇ ਕੀਨ॥ ਤਿਸ ਵਿੱਚ ਬੁਹਤ ਨਸੀਹਤਾਂ ਸੁਣਕਰ ਕਰੇ ਯਕੀਨ॥ ਕਰੇ ਪੁਕਾਰ ਕੁਰਾਨ ਬੁਹ ਖਾਤਰ ਜਮਾ ਨ ਹੋਇ॥ ਜੋ ਰਾਹਿ ਸ਼ੈਤਾਨੀ ਗੁੱਮ ਥੀਏ ਪਹੁਚਿਆ ਜਾਣ ਨ ਕੋਇ॥ ੪੧॥

ਉਸ ਵਕਤ ਪਛਮੀ ਏਸ਼ੀਆ ਵਿੱਚ ਉਰਦੂ, ਫਾਰਸੀ ਅਰਬੀ ਆਦ ਭਾਸ਼ਾਵਾਂ ਆਮ ਕਰਕੇ ਪ੍ਰਚਲਤ ਸਨ। ਪਰ ਉਰਦੂ ਭਾਸ਼ਾ ਨੂੰ ਲਗ ਭਗ ਸਾਰੇ ਲੋਕ ਸਮਝਦੇ ਸਨ। ਇਸ ਕਰਕੇ ਗੁਰੂ ਾਨਕ ਸਾਹਿਬ ਨੇ ਵੀ ਉਰਦੂ ਭਾਸ਼ਾ ਦੇ ਅਖ਼ਰਾਂ ਨੂੰ ਰੱਬ ਦੀ ਉਸਤਤ ਕਰਕੇ ਇਥੇ ਇਮਾਮਾਂ ਨੂੰ ਸਮਝਾਉਣਾ ਕੀਤਾ। ਉਰਦੂ ਭਾਸ਼ਾ ਦਾ ਪਹਿਲਾ ਅਖ਼ਰ, ਅਲਫ਼, ਬੇ, ਪੇ, ਤੇ, ਟੇ, ਸੇ, ਜੀਮ ਚੇ, ਹੇ, ਖੇ, ਦਾਲ ਡਾਲ ਜ਼ਾਲ,ਆਦਿ ਹਨ।

ਅਲਫ ਅੱਲਹ ਕੋ ਯਾਦ ਕਰ ਗ਼ਫਲਤ ਮਨਹੁ ਵਿਸਾਰ॥ ਸਾਸ ਪਲਟਹ ਨਾਮ ਵਿਣ ਧ੍ਰਿਗ ਜੀਵਨ ਸੰਸਾਰ॥ **1**॥ਬੇ ਬਦਾਇਤ ਦੂਰ ਕਰ ਕਦਮ ਸ਼ਰੀਅਤ ਰਾਖ॥ ਨਿਵ ਚਲ ਸੁ ਅੱਗੇ ਸਭਸ ਦੇ ਮੰਦਾ ਕਿਸੇ ਨ ਆਖ ॥**2**॥ ਤੇ ਤੋਬਾ ਕਰ ਬਦੀ ਤੋ ਮਤਤੂੰ ਪੱਛੋ ਤਾਹਿ॥ ਤਨ ਬਿਨਸੈ ਮੁਖ ਗੱਡੀਐ ਤਬ ਤੂੰ ਕਹਾਂ ਕਰਾਇ॥ **3**॥ ਸੇ ਸਨਾਹੀ ਬਹੁਤ ਕਰ ਖ਼ਾਲੀ ਯਾਸਨ ਕੱਢ॥ ਹੱਟੋ ਹੱਟ ਵਿਕਾਇਆ ਮੁਲ ਨ ਲੈਸੀ ਅੱਧ॥ **4**॥ ਜੀਮ ਜਮਾਇਤ ਜਮਾਂ ਕਰ ਚੱਲਣ ਦਾ ਕਰ ਬੰਧ॥ ਬਾਝੂ ਸਾਈਂ ਆਪਣੇ ਫਿਰਸੀ ਅੰਧੋ ਅੰਧ॥**5**॥ ਹੇ ਹਲੀਮੀ ਪਕੜ ਤੂੰ ਦਿਲ ਥੀਂ ਹਿਰਸ ਨਿਵਾਰ॥ ਧਾਵਤ ਵਰਜਹੁ ਰੁਕਨਦੀਨ ਹਰ ਦੰਮ ਖ਼ਾਲਕ ਸਾਰ॥ **6**॥ ਖ਼ੇ ਖ਼ਾਮ ਤੇਉ ਭਏ ਜਿਨ ਵਿਸਰਿਆ ਕਰਤਾਰ॥ ਦੁਨੀਆਂ ਲਾਲਚ ਲਗ ਮਰਹਿ ਮੂੰਡ ਉਠਾਵਹਿ ਡਾਰ॥**7**॥ ਦਾਲ ਦਿਆਨਤ ਕਰੇ ਮਨ ਅੱਠੇ ਪਹਿਰ ਨ ਸੋਇ॥ ਏਕ ਪਹਿਰ ਘਰ ਜਾਗਣਾ ਸਾਈਂ ਸੱਚ ਬਿਗੋਇ॥8॥ ਜ਼ਾਲ ਜ਼ਿਕਰ ਕਰ ਆਜਜ਼ੀ ਖ਼ਾਤਰ ਨਾਹਿ ਡੋਲਾਇ॥ ਤਿਲ ਨ ਲੱਗੇ ਰਵਾਲ ਤਨ ਲੋਭ ਮਨੋ ਚੁਕਾਇ ॥**9** ॥ ਰੇ ਰਹਿਤ ਈਮਾਨ ਕੀ ਤਉ ਦੇਖਹਿ ਜਾਇ॥ ਪੰਚਹੁ ਵਰਜਹੁ ਰੁਕਨਦੀਨ ਸਾਈਂ ਸੋਂ ਚਿਤ ਲਾਇ॥ ੧●॥

ਇਸ ਤੋਂ ਅਗੇ ਉਰਦੂ ਦੇ ਸਾਰੇ ਅੱਖਰਾਂ ਨਾਲ ਰੱਬ ਦੀਆਂ ਸਿਫਤਾਂ ਨੂੰ ਭਾਗ ਦੂਸਰੇ 'ਚ ਛਾਪਿਆ ਜਾਵੇ ਗਾ। ॥

ਸੁਆਲ ਪੀਰ ਬਹਾਵਦੀਨ ਸੂਰਾ ॥ ਆਖੇ ਪੀਰ ਬਹਾਵਦੀਨ ਸੁਣੀਐ ਨਾਨਕ ਪੀਰ॥ ਰੱਬ ਜਿਉਂਕਰ ਆਦਮੀ ਸਾਜਿਆ ਤੁਹਿ ਆਖੀ ਸਚ ਤਦਬੀਰ॥ ਆਦਮੀ ਮਿਲਿਆ ਬਖ਼ਸ਼ ਕੀ ਲੈ ਆਯਾ ਏਸ ਜਹਾਨ॥ ਤੁਸੀਂ ਭੀ ਆਪਣੀਆਂ ਕੁਰਸੀਆਂ ਪਿੱਛੋਂ ਕਹੋ ਬਿਆਨ॥ ਬਡੇ ਤੁਮਾਰੇ ਕਵਣ ਸਨ ਤੁਮ ਕਿੱਥੋਂ ਉਪਜੇ ਆਇ॥ ਅੱਵਲ ਆਖ਼ਰ ਸਭ ਕਹੋ ਤਬ ਦਿਲ ਦਾ ਖ਼ਤਰਾ ਜਾਇ॥ ਤੂੰ ਸਾਹਿਬ ਹੈਂ ਕਰਾਮਾਤ ਦਾ ਤੁਹਿ ਪਾਈ ਘਰੋਂ ਖੁਦਾਇ॥ ਹੋਰ ਦਿੱਤੀ ਕਿਸੇ ਨੂੰ ਆਦਮੀ ਤੋਂ ਕਿਸੇ ਨੋ ਆਇ॥ ਵਡਾ ਸਾਹਿਬ ਹੈ ਕਰਾਮਾਤ ਦਾ ਅਪਣੇ ਸਿਰ ਖ਼ੁਦ ਹੋਇ॥ ਦੂਜਾ ਨੂਰ ਮਹੰਮਦੀ ਜੋ ਖ਼ਾਸਾ ਯਾਰ ਕਹਾਹਿ॥ ਏਥੇ ਆਯਾ ਦੀਨ ਜਹਾਨ ਵਿੱਚ ਸਾਬਤ ਕੀਤੋਸੁ ਦੀਨ॥ ਪਿੱਛੋਂ ਥੀਆ ਉੱਮਤੀਂ ਤਿਨਾਂ ਦੱਸਿਓ ਸ਼ਰਹ ਯਕੀਨ॥ ਲਿਖਿਆ ਵਿੱਚ ਕੁਰਾਨ ਦੇ ਅੱਵਲ ਇਕ ਖੁਦਾਇ॥ ਦੂਜਾ ਨੂਰ ਮਹੰਮਦੀ ਜਿਨ ਚਾਨਣ ਕੀਤਾ ਆਇ॥ ਇਹ ਸਭ ਗੱਲਾਂ ਖੋਲ ਕੇ ਆਖਹੁ ਨਾਨਕ ਪੀਰ॥ ਆਪੋ ਆਪਣੇ ਮਜ਼ਹਬ ਦੀ ਸਭ ਕਹਿੰਦੇ ਹਨ ਤਕਰੀਰ॥ 45 ॥

ਜਵਾਬ ਨਾਨਕ ਸ਼ਾਹ ਸੂਰਾ॥ ਆਖੇ ਨਾਨਕ ਸ਼ਾਹ ਸਚ ਸੁਣਹੁ ਬਹਾਵਦ ਪੀਰ॥ ਰਬ ਜਿਉਂ ਕਰ ਆਦਮ ਸਿਰਜਿਆ ਸਭ ਆਖੀ ਕਰ ਤਦਬੀਰ॥ ਜਬ ਹੋਯਾ ਹੁਕਮ ਖੁਦਾਇ ਦਾ ਤਬ ਕੁਦਰਤ ਆਦਮ ਕੀਨ॥ ਰੱਬ ਹਿਕੋ ਆਦਮ ਸਿਰਜਿਆ ਸੋ ਜਾਣੇ ਦੀਨ ਬੇਦੀਨ॥ ਆਦਮ ਮਾਨਸ ਇਕ ਹੈ ਦੁਇ ਵਿੱਚ ਜ਼ਮਾਨਾਂ ਫੇਰ॥ ਅਗੇ ਸੁਣੋ ਬਹਾਵਦੀਨ ਬਾਕੀ ਮਸਲਾ ਢੇਰ॥ ਅੱਵਲ ਇੱਕ ਖ਼ੁਦਾਇ ਸੀ ਦੂਜੀ ਕੁਦਰਤ ਕੀਨ॥ ਬਾਦੀ ਆਬੀ ਆਤਸ਼ੀ ਫਿਰ ਕੁਦਰਤ ਕੀਨੇ ਤੀਨ॥ ਬ੍ਰਹਮਾ ਬਿਸ਼ਨ ਮਹੇਸ਼ ਤ੍ਰੈ ਤੀਨ ਗੁਣਾ ਤੇ ਹੋਏ॥ ਸੇਸੂਰਤ ਕੀਤੀ ਮਲਾਇਕਾਂ ਰਹੇ ਅਸਮਾਨੀ ਹੋਇ॥ ਨਾਲੇ ਬਰਕਤ ਰੱਬ ਦੀ ਇਹ ਤੀਨੋਂ ਬੰਧੇ ਮਾਇ॥

ਆਪੋ ਆਪਣੇ ਆਸਣੇਂ ਤ੍ਰੈ ਕਰਨੇ ਲੱਗੇ ਰਾਜ॥ ਬਾਕੀ ਤੁਖ਼ਮ ਜੋ ਆਦਮੀ ਫਿਰ ਤਿਸਦਾ ਸੁਣੋਂ ਬਿਆਨ॥ ਜੋ ਸਾਜਿਆ ਕੁਦਰਤ ਆਪ ਤੇ ਜਨ ਮਾਨਸ ਨਾਨਕ ਨਾਮ॥ ਫਿਰ ਆਗਿਆ ਕੀਨੀ ਸ਼ਕਤ ਨੇ ਸੁਣਰੇ ਮੇਰੇ ਪੂਤ॥ ਤੂੰ ਸਭ ਤੇ ਉੱਤਮ ਸਾਜਿਆ ਜੋ ਲਿਖਿਆ ਚਉਰਾਸੀ ਸੂਤ॥ ਮਾਯਾ ਐਸਾ ਵਰ ਦੀਆ ਮਾਨਸ ਚਰਨੀ ਲਾਇ॥ ਆਪ ਗਏ ਅਲੋਪ ਹੋਇ ਜਲ ਕੇ ਵਿਖੇ ਸਮਾਇ॥ ਅੱਵਲ ਹੋਯਾ ਆਦ ਪੁਰਖ ਦੁਤੀਏ ਮਾਯਾ ਕੀਨ॥ ਤ੍ਰਿਤੀਏ ਹੋਯਾ ਵਾਸਦੇਉ ਚਉਥੇ ਬ੍ਰਹਮਾ ਚੀਨ॥ ਪੰਚਮ ਹੋਯਾ ਮਹਾਂਦੇਵ ਛਿੰਵਾ ਕੱਸਪ ਉਪਾਇ॥ ਕੱਸਪੋਂ ਰਵਸਸਿ ਉਪਜਿਆ ਸ਼ਿਵ ਸ਼ਕਤ ਸਰੂਪ ਕਹਾਇ॥ ਸੂਰਜ ਤੇ ਮਨ ਉਪਜਿਆ ਮਾਨਸ ਧਰਿਆ ਨਾਮ॥ ਮਨ ਤੇ ਕੁਰਸੀ ਬਹੁ ਭਈ ਗਿਣੇ ਨ ਜਾਈਂ ਨਾਮ॥ ਸੂਰਜ ਕੁਲਤੇ ਰਘੁ ਭੈਆ ਰਘੂ ਬੰਸੀ ਭਇਆ ਰਾਮ॥ ਰਾਮਚੰਦ ਕੇ ਦੁਇ ਸੁਤ ਲਵ ਕੁਸੂ ਤਿਹ ਨਾਮ॥ ਏਹ ਹਮਾਰੇ ਬੜੇ ਹੈਂ ਜੁਗਾਂ ਜੁਗਾਂ ਅਵਤਾਰ॥ ਇਨ ਹੀ ਕੇ ਘਰ ਊਪਜੇ ਨਾਨਕ ਕਲ ਅਵਤਾਰ॥ ਸਤਜੁਗ ਤੇਤਾ ਦੁਆਪੁਰੋਂ ਕਲਜੁਗ ਚਾਰ ਜ਼ਮਾਨ॥ ਚਾਰ ਜ਼ਮਾਨੇ ਤਬ ਕਹੇ ਬੇਦ ਕਤੇਬ ਬਖਾਨ॥ ਸਤਜੁਗ ਕੀ ਗਿਣ ਆਰਜਾ ਸੁਣਹੋ ਪੀਰ ਸਲਾਰ॥ ਸੱਤ੍ਰਹ ਲੱਖ ਅਠਾਸੀ ਸਹੰਸ੍ਰ ਸਤਜੁਗ ਕਾ ਸੁਮਾਰ॥ ਬਾਰਾਂ ਲੱਖ ਛਿਨਵੈ ਸਹੰਸ੍ਰ ਤ੍ਰੈਤਾ ਜੁਗ ਪ੍ਰਮਾਨ॥ ਆਠ ਲਾਖ ਚਉਸਠ ਸਹੰਸ੍ਰ ਦੁਆਪਰ ਭਯਾ ਜ਼ਮਾਨ॥ ਚਾਰ ਲੱਖ ਬਤ੍ਰੀ ਹਜ਼ਾਰ ਕਲਜੁਗ ਕੀ ਮੁਨਿਆਦ॥ ਤ੍ਰਿਤਾਲੀ ਲੱਖ ਅੱਸੀ ਸਹੰਸ੍ਰ ਚਾਰੋਂ ਜੁਗ ਮਿਰਜਾਦ॥ ਚਾਰ ਜੁਗ ਇਕ ਚਉਕੜੀ ਭਈ ਬਹਾਵਦੀ ਪੀਰ॥ ਜੁਗ ਬੀਤ ਬਹੱਤਰ ਚੌਕੜੀ ਇਕ ਹੋਵੈ ਇੰਦ੍ਰਤ.ਗੀਰ॥ ਰੋਜ਼ ਸ਼ਬ ਕੇ ਅੰਦਰੇ ਇੰਦ੍ਰ ਅਠਾਈ ਮਰ ਜਾਇ॥

ਤਬ ਬ੍ਰਹਮੇ ਇਕ ਰਾਤ ਦਿਹ ਗਿਣਤੀ ਕਰ ਸੁਣਾਇ॥ ਜਬ ਬ੍ਰਹਮਾਂ ਮਰੇ ਹਜ਼ਾਰ ਇਕ ਤਬ ਘਰੀ ਬਿਸ਼ਨ ਇਕ ਹੋਇ॥ ਜਬ ਬਿਸ਼ਨ ਬਾਹਰ ਲੱਖ ਮਰੇ ਤਬ ਰੁਦ੍ਰ ਅਧਪਲ ਜੋਇ॥ ਜਬ ਯਾਰਹੇ ਰੁੱਦ੍ਰ ਬਿਤੀਤ ਹੋਇ ਇਕ ਨਿਮਖ ਮਹਾਂਦੇਉ ਧਾਰ॥ ਜਬ ਈਸ਼ਰ ਬੀਤੇ ਹਜ਼ਾਰ ਇਕ ਮਹਾਂਸ਼ਕਤ ਅਉਤਾਰ॥ ਜਬ ਸ਼ਕਤ ਸਹੰਸ੍ਰ ਇਕ ਮਰਹਿ ਤਬ ਹੋਵੇ ਕਲਪ ਪਰਮਾਨ॥ ਇਕ ਪੱਤ੍ਰ ਤੁੱਟੇ ਕਲਪ ਬਿਸ਼ਰ ਇੱਕ ਪਰਲੋ ਹੋਇ ਜਾਨ॥ ਸਭ ਪੱਤ੍ਰ ਗਿਰਹਿ ਕਲਪ ਬਿਰਖ ਦੇ ਤਬ ਮਹਾਂਕਲਪ ਕਹਾਇ॥ ਕਿਤੀ ਹੋਈਆਂ ਕਿਆਮਤੀ ਕਛ ਅੰਤ ਨ ਸੋਝੀ ਪਾਇ॥ ਮਾਰਕੰਡੇ ਕੀ ਆਰਜਾ ਚਉਦਹਿ ਮਹਾਂਕਲਪ ਕਹਾਇ॥ ਜਬ ਮਾਰਕੰਡੇ ਨਿਰਵਰਤ ਹੋਇ ਤਬ ਲੋਮਸ ਰੋਮ ਗਿੜਾਇ॥ ਸਭ ਰੋਮ ਸਿਰੂਸਾ ਗਿੜਪੜਹਿ ਹੰਸ ਇੱਕ ਨਿਮਖ ਬੀਤਾਇ॥ ਜਬ ਹੋਇ ਬਿਨਾਸ ਬਡ ਹੰਸ ਦਾ ਬਡਲਾਭ ਰਿਖ ਪਲਕ ਕਹਾਇ॥ ਬਡਲਾਭ ਰਿਖ ਜਬ ਨਾਸ ਹੋਇ ਇੱਕ ਪਰ ਭਸੁੰਡ ਖਿਸਾਇ॥ ਪਰ ਕਾਕਭਸੁੰਡ ਸਭ ਗਿੜਹ ਇਕ ਸਵਾਸੰਭ ਸੁੰਡ ਕਢਾਇ॥ ਭਸੁੰਡ ਭੋਗੇ ਸਭ ਆਰਜਾ ਤਬ ਕੂਰਮ ਇਕ ਦਿਨ ਜਾਇ॥ ਇਕ ਦਿਨਕਾ ਪਰਮਾਣਿ ਇਹ ਤਬ ਕੇਤੇ ਬਰਖ ਬੀਚਾਰ॥ ਸਉ ਬਰਸ ਕੁਰਮ ਦੀ ਆਰਜਾ ਅੰਤ ਮਰਸੀ ਸਭ ਸੰਸਾਰ॥ ਖੰਡ ਬ੍ਰਹਮੰਡ ਨ ਰਹਿਸੀ ਤ੍ਰੈ ਲੋਇ ਨ ਰਹਸੀ ਕਾਇ॥ ਕੁਤਬ ਗ਼ਉਸ ਤੇ ਆਦਿਲੈ ਸਭ ਹੋਸੀ ਅੰਤ ਫ਼ਨਾਹਿ॥ ਤਬ ਰਹਿਸੀ ਇੱਕ ਖੁਦਾਇ ਸਚ ਨਾਨਕ ਕੁਦਰਤ ਨਾਲ॥ ਇਹ ਬੁਨੀਆਦ ਜਹਾਨ ਦੀ ਰੱਬ ਅਹਿਨਿਸ ਸਦਾ ਸਠਾਲ॥ 94+46 ॥ ਟੋਟਲ ਜੋੜ **140**॥

ਉਤਾਰਕ

ਜਗਦੀਸ਼ ਸਿੰਘ ਕੋਟਲੀ

# ਮੱਕੇ ਦੇ ਚਾਰ ਇਮਾਮਾਂ ਦੀ ਗੁਰੁ ਨਾਨਕ ਸਾਹਿਬ ਨੂੰ ਧੱਮਕੀ

ਸੁਣਹੋ ਨਾਨਕ ਹਿਦੰਕੀ ਆਖਨ ਚਾਰ ਇਮਾਮ॥ ਖ਼ਤਮ ਮਹੰਮਦ ਮੁਸਤਫ਼ਾ ਆਯਾ ਵਿਚ ਜ਼ਹਾਨ॥ ਅੱਗੇ ਜੋ ਹੋਇ ਪੈਕੰਬਰਾਂ ਇਕ ਲੱਖ ਅੱਸੀ ਹਜ਼ਾਰ॥ ਕੀਤੇ ਸਭ ਮਨਸੂਖ ਹੈਨ ਨਬੀ ਮਹੰਮਦ ਯਾਰ॥ ਇਸਥੀਂ ਅੱਗੇ ਨ ਹੋਰਕੋ ਅੱਲਹਦਾ ਮਾਸ਼ੂਕ॥ ਅਗੇ ਜੋਇ ਪੈਕੰਬਰਾਂ ਕੀਤੇ ਸਭ ਮਨਸੂਖ॥ ਆਖ਼ਰ ਇਸ ਜ਼ਮਾਨੇ ਦੇਖ਼ਾਦਮ ਨਬੀ ਰਸੂਲ॥ ਨਾਲ ਚਾਰੋਂ ਯਾਰ ਮੁਸੱਲਮੀ ਜੋ ਕਰਦੇ ਮਸਲਮਸੂਲ॥ ਉਮਰ ਖ਼ਿਤਾਬ ਅਬੂਬਕਰ ਉਸਮਾਨ ਅਲੀ ਸਾਦਾਤ॥ ਵਾਰਸ ਚਾਰੋਂ ਤਖ਼ਤ ਦੇ ਜੋ ਨਬੀ ਬਹਾਏ ਆਪ॥ ਅਗੇ ਹੋਰ ਨ ਅਮਲ ਚਲਸੀ ਪੈਗੰਬਰਾਂ ਉਤੇ ਕੋਇ॥ ਜੋ ਕਰਸੀ ਭੋਰਾ ਆਇਕੇ ਮਾਰ ਲਈ ਸੀ ਸੋਇ॥ ਸਭ ਆਸੀ ਇਕ ਤੇ ਰਾਹ ਵਿੱਚ ਹੋਸੀ ਮੁਸਲਮਾਨ॥ ਇਸ ਜ਼ਮਾਨੇ ਦਾ ਪਾਤਸ਼ਾਹ ਨਬੀ ਰਸੂਲ ਸੁਲਤਾਨ॥ ਚਲਿਅ ਅਮਲ ਮਹੰਮਦੀ ਇਸ ਤੇ ਪਰੇ ਨ ਹੋਰ॥ ਖ਼ਾਤਮ ਸਭ ਪੈਗੰਬਰਾਂ ਰੱਬ ਦਿੱਤਾਸ ਵੱਡਾ ਜੋਰ॥ ਤੂੰ ਭੀ ਆਯਾ ਨਾਨਕਾ ਸਾਹਿਬ ਵਡ ਕਰਮਾਤ॥ ਜਿਤ ਜਿਤਨਿਆਂ ਹਾਜੀਆਂ ਕਾਜ਼ੀਆਂ ਗ਼ਉਸ ਕੁਤਬ ਸਾਦਾਤ॥ ਜੋਗੀ ਜੰਗਮ ਸ੍ਰੇਵੜੇ ਬ੍ਰਹਮਨ ਤੇ ਸੰਨਿਆਸ॥ ਖਟ ਦਰਸ਼ਨ ਦਿਗੰਬਰਾਂ ਛੱਤੀ ਪਖੰਡ ਉਦਾਸ॥ ਸਾਧੀ ਹਈ ਜ਼ਮੀਨ ਸਭ ਛਡਿਓ ਨ ਆਸਾ ਪਾਸ॥ ਫੇਰਿਓ ਮਕੱਾ ਆਇਕੇ ਕਰਕੇ ਵਡ ਕਰਾਮਾਤ॥ ਹੁਣ ਆਯਾ ਪਾਤਸ਼ਾਹੀ ਰੂਮ ਵਿਚ ਮਿਲਿਓਂ ਪਾਤਸ਼ਾਹੇ ਜਾਇ॥ ਜ਼ਾਲਮ ਕਾਰੂੰ ਹਮੀਦ ਨੂੰ ਘੱਤਿਓ ਸਿੱਧੇ ਰਾਹ॥ ਜਿਨ ਛੱਡੀ ਨ ਦਮੜੀ ਗੋਰ ਵਿੱਚ ਮੁਰਦੇ ਛਡੇ ਢੰਡੋਲ॥ ਕਢ ਰੁਪੱਯਾ ਮੂੰਹ ਵਿੱਚੋਂ ਪਟ ਕਰ ਸੱਭੋ ਗੋਰ॥ ਸੋ ਲੱਗਾ ਕਰਨ ਖ਼ੈਰਾਇਤਾਂ ਛਡ ਦਿੱਤਿਓਸ ਬੰਦੀਵਾਨ॥ ਕਰਕੇ ਖ਼ਾਦਮ ਆਪਣਾ ਹੋਯਾ ਮੋਮ ਸਮਾਨ॥ ਆਦਾਹੀ ਅਪਣੇ ਮਜ਼ਹਬ ਵਿੱਚ ਜੋਆਹਾ ਮੁਸਲਮਾਨ॥ ਮੱਕਾ ਰੂਮ ਜਿੱਤ ਕੇ ਹੁਣ ਵੜਿਆ ਮਦੀਨੇ ਆਇ॥ ਇਕੇ ਅਸਾਡੀ ਨਿਸ਼ਾਕਰ ਇਕੇ ਕੁਛ ਕਰਾਮਾਤ ਦਿਖਾਇ॥ ਜਿਥੋਂ ਤੀਕਰ ਉਮਤੀਂ ਸਭ ਹੋਈਆਂ ਅਕਠੀਆਂ ਆਨ॥ ਕਰਦੇਨੀ ਸੰਗ ਸਾਰ ਸਭ ਮਿਲਕਰ ਮੁਸਲਮਾਨ॥ ਦਾਵਾ ਕਰ ਪੈਕੰਬਰੀ ਆਯਾ ਹੈਂ ਅਰਬਸਤਾਨ॥ ਅਰਬ ਛਡਸ ਨਾਹੀਂ ਜੀਂਵਦਾ ਕਢੁ ਲਾਇਲੈ ਆਪਣਾ ਤਾਨ॥

(ਭਾਈ ਬਾਲਾ ਜੀ)